WATNO DUR
July, 1979
P.O.Box 67681 Stn.'O'
Vancouver, B.C. V5W 3V2

# ਵਤਨੋਂ ਦੂਰ



## ਮੁੱਠ ਤੇ ਅੱਖਰ

- ਅਲੈਗਜ਼ੈਂਡਰੋ ਰੋਮੁਆਲਡੋ

ਆਪਣੇ ਮੁੱਕੇ 'ਚ ਲਿਖਤ ਭਰ ਦਿਓ
ਲਿਖੋ
ਲਿਖੋ
ਲਿਖੋ
ਹਨੇਰੀ ਤੇ ਸਮੁੰਦਰ ਵਿਰੁੱਧ
ਹਨੇਰੇ ਵਿਰੁੱਧ
ਇਸ ਨਫ਼ਰਤ ਭਰੇ ਦੈਂਤੀ ਸਾਲ ਵਿਰੁੱਧ
ਜਿਹੜਾ ਰੋਜ਼ ਸਾਡੀਆਂ ਨਜ਼ਰਾਂ ਅੱਗੋਂ ਗੁਜ਼ਰਦਾ ਹੈ
ਆਪਣੀ ਲਿਖਤ 'ਚ ਮੁੱਠਾਂ ਭਰ ਦਿਓ
ਅਤੇ -
ਮਿਟਾ ਦਿਓ
ਮਿਟਾ ਦਿਓ
ਮਿਟਾ ਦਿਓ
ਖ਼ੂਨ ਜਿਸ ਸਾਨੂੰ ਘੇਰਿਆ ਹੈ
ਹਨੇਰਾ ਜੋ ਸਾਡੀ ਰੂਹ ਤੇ ਛਾਇਆ ਹੈ
ਅਤੇ ਘੋਰ ਦੁਰ-ਦਸ਼ਾ
ਜਿਹੜੀ ਦਾਨ ਦੇ ਵਿਹੜੇ 'ਚ ਰਹਿੰਦੀ ਹੈ।
ਸਾਰੇ
ਲਿਖਤ ਨਾਲ
ਇਸ ਅਸਲੀਅਤ ਨਾਲ ਮੱਥਾ ਲਾਓ
ਅਤੇ -
ਗਾਓ
ਗਾਓ
ਗਾਓ
ਸਚਾਈ
ਜਿਹੜੀ ਤੁਹਾਡੇ ਮੁੱਕੇ ਦੇ ਮੇਚ ਆਵੇ

ਪੀਰੂ 1967
(ਅਨੁਵਾਦਕ - ਸਾਧੂ)

# WATNO DUR

**P.O. Box 67681**
**Postal Stn. 'O'**
**Vancouver, B.C.**
**V5W 3V2**

**Vol 8, No. 72 July/1979**
2nd Class Mail Reg. No. 3233
ANNUAL SUBSCRIPTION: Canada-U.S.A. $ 7.00
Other SEA $ 7.00
Countries AIR $10.00



EDITORIAL BOARD:
Surinder Dhanjal, 256-0436 (Windsor)
Ajmer Rodey, 438-7793
Amarjit Chahal, 892-3085

MANAGING EDITORS:
Raghbir Mand, 325-9564
Paul Binning, 879-3339

EDITOR:
Sadhu, 437-9014

ADVERTISING EDITOR:
Karamjit Ghuman, 321-6081

CIRCULATION EDITOR:
Sarwan Boal, 437-0849

WATNO DUR REPRESENTATIVES:
Iqbal Ramuwalia, Toronto (741-7538)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)

SPECIAL REPRESENTATIVES:
Surinder Kailey, 1036/3 Deep Nagar
Civil Lines, Ludhiana
Punjab, India

Jasbir Bath, 16 Avison Tower
Windsor St.
Liverpool — 8 (U.K.)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*


ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

## ਇਸ ਅੰਕ ਵਿਚ :-

### ਕਹਾਣੀਆਂ

ਸੁਖਵੰਤ ਹੁੰਦਲ, ਰਘਬੀਰ ਢੰਡ, ਅਮਰਜੀਤ ਚਾਹਲ, ਪਰਮਜੀਤ ਗਿੱਲ

### ਕਵਿਤਾ :-

ਅਲੈਗਜ਼ੈਂਡਰੋ ਰੋਮੂਆਲਡੋ, ਨਾਜ਼ਮ ਹਿਕਮਤ, ਹਰਭਜਨ ਹਲਵਾਰਵੀ, ਅਮਰਜੀਤ ਚਾਹਲ, ਨਵਿੰਦਰ ਭਾਰਤੀ, ਲਾਟ ਭਿੰਡਰ, ਪਰਮਜੀਤ ਦਿਓਲ, ਕੁਲਵੰਤ ~~ਜਗਰਾਓਂ~~, ਮੰਗਤ ਰਾਏ, ਦਿਓਲ, ਗੁਰਬਖਸ਼ ਸੈਂਸ।

### ਲੇਖ :-

ਉੱਜਲ ਦੋਸਾਂਝ, ਰਾਜ ਚੌਹਾਨ

### ਰੀਪੋਰਟ

ਗਿਆਨੀ ਲੱਖਾ ਸਿੰਘ

### ਪ੍ਰਤੀਕਿਰਿਆ:

ਅਮਰਜੀਤ ਚਾਹਲ

### ਮੁੱਖ ਪੰਨਾ :

(ਕਵੀ ਅਲੈਗਜ਼ੈਂਡਰੋ ਰੋਮੂਆਲਡੋ ਪੀਰੂ ਵਿਚ 1926 ਨੂੰ ਜੰਮਿਆ। 1949 ਵਿਚ ਪੀਰੂ ਦਾ ਕੌਮੀ ਪੱਧਰ ਦਾ ਇਨਾਮ ਜਿੱਤਿਆ।)
ਕਵਿਤਾ 'ਮੁੰਡਾ ਤੇ ਅੱਖਰ'
ਅੰਗਰੇਜ਼ੀ ਅਨੁਵਾਦ-ਰੋਬਰਟ
ਪਰਿੰਗ
ਪੰਜਾਬੀ ਅਨੁਵਾਦ — ਸਾਧੂ

# ਐਡੀਟੋਰੀਅਲ

ਵਤਨੋਂ ਦੂਰ ਨੇ ਆਪਣੇ ਜੀਵਨ ਦੇ ਛੇ ਵਰ੍ਹੇ ਪੂਰੇ ਕਰ ਲਏ ਹਨ। ਇਸ ਸਮੇਂ ਦੌਰਾਨ ਇਸ ਨੂੰ ਕਈ ਔਕੜਾਂ ਤਕਲੀਫ਼ਾਂ ਵਿਚੋਂ ਗੁਜ਼ਰਨਾ ਪਿਆ ਹੈ। ਪਰ ਸੁਹਿਰਦ ਪਾਠਕਾਂ, ਲੇਖਕਾਂ ਤੇ ਹੋਰ ਸਾਹਿਤਕ ਪ੍ਰੇਮੀਆਂ ਦੇ ਸਹਿਯੋਗ ਨਾਲ ਉਸ ਨੇ ਹਰ ਔਖਿਆਈ ਦਾ ਸਾਹਮਣਾ ਕੀਤਾ ਹੈ।

ਇਸ ਗੱਲ ਦਾ ਅਫ਼ਸੋਸ ਹੈ ਕਿ ਪਿਛਲੇ ਕੁੱਝ ਸਮੇਂ ਤੋਂ ਪਰਚਾ ਪਾਠਕਾਂ ਤੱਕ ਪੂਰੀ ਵਕਾਇਦਗੀ ਨਾਲ ਨਹੀਂ ਪਹੁੰਚਾਇਆ ਜਾ ਸਕਿਆ। ਆਉਣ ਵਾਲੇ ਸਮੇਂ ਵਿਚ ਉਮੀਦ ਹੈ ਇਸ ਘਾਟ ਨੂੰ ਪੂਰਾ ਕਰ ਲਵਾਂਗੇ।

ਸਾਹਿਤ ਪ੍ਰਤੀ ਸੁਹਿਰਦਤਾ ਤੇ ਇਮਾਨਦਾਰ ਸੋਚ ਕਾਰਨ ਵਤਨੋਂ ਦੂਰ ਨੇ ਹੁਣ ਤੱਕ ਕੈਨੇਡਾ ਇੰਗਲੈਂਡ ਤੇ ਭਾਰਤ ਵਿਚਲੇ ਬਹੁ ਗਿਣਤੀ ਲੇਖਕਾਂ ਤੇ ਪਾਠਕਾਂ ਨਾਲ ਸਾਂਝ ਪੈਦਾ ਕੀਤੀ ਹੈ। ਅਤੇ ਅੱਗੇ ਤੋਂ ਹੋਰ ਵੀ ਸਾਹਿਤ ਪ੍ਰੇਮੀਆਂ ਨੂੰ ਆਪਣੇ ਘੇਰੇ ਵਿਚ ਲਿਆਉਣ ਲਈ ਯਤਨਸ਼ੀਲ ਹੈ।

ਅਸੀਂ ਹਰ ਸੰਭਵ ਕੋਸ਼ਿਸ਼ ਕੀਤੀ ਹੈ ਕਿ ਪਰਚੇ ਨੂੰ ਸੰਪੂਰਨ ਤੌਰ ਤੇ ਮੌਲਿਕ ਬਣਾਇਆ ਜਾ ਸਕੇ। ਇਹੀ ਕਾਰਨ ਹੈ ਕਿ ਪਿਛਲੇ ਕੁੱਝ ਸਮੇਂ ਵਿਚ ਕਈ ਲੇਖਕਾਂ ਨੂੰ ਬਾਰ ਬਾਰ ਛਾਪਣਾ ਪਿਆ ਤੇ ਕਈਆਂ ਨੂੰ ਅਸੀਂ ਬਿਲਕੁਲ ਨਹੀਂ ਛਾਪਿਆ। "ਵਤਨੋਂ ਦੂਰ" ਲਈ ਭੇਜੀਆਂ ਅਣਛਪੀਆਂ ਰਚਨਾਵਾਂ ਨੂੰ ਪਹਿਲ ਦਿੰਦੇ ਰਹੇ ਹਾਂ। ਇਸ ਨਾਲ ਕਈ ਰਚਨਾਵਾਂ ਪਰਚੇ ਦੇ ਮਿਆਰ ਤੋਂ ਥੱਲੇ ਵੀ ਛਾਪਣੀਆਂ ਪਈਆਂ ਹਨ।

ਆਪਣੀ ਇਹ ਪਾਲਿਸੀ ਅਸੀਂ ਕੈਨੇਡਾ ਦੇ ਪੰਜਾਬੀ ਲੇਖਕਾਂ ਤੇ ਜ਼ਿਆਦਾ ਸਖ਼ਤੀ ਨਾਲ ਵਰਤੀ ਹੈ। ਸਾਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਲੇਖਕਾਂ ਵਲੋਂ ਸਾਨੂੰ ਹਰ ਤਰ੍ਹਾਂ ਦਾ ਸਹਿਯੋਗ ਮਿਲਿਆ ਹੈ। ਤੇ ਨਾਲ ਨਾਲ ਅਸੀਂ ਕਈ ਨਵੇਂ ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਪੂਰੀ ਉਮੀਦ ਹੈ ਕਿ ਲੇਖਕ ਵੀਰ ਅੱਗੇ ਤੋਂ ਵੀ ਇਸੇ ਤਰ੍ਹਾਂ ਸਾਡਾ ਸਾਥ ਦਿੰਦੇ ਰਹਿਣਗੇ। ਤੇ ਜਿਹੜੇ ਲੇਖਕਾਂ ਨੇ ਕਿਸੇ ਕਾਰਨ ਕਰਕੇ ਸਾਡਾ ਸਾਥ ਨਹੀਂ ਦਿੱਤਾ ਉਮੀਦ ਹੈ ਉਹ ਵੀ ਆਉਣ ਵਾਲੇ ਸਮੇਂ ਵਿਚ ਇਹ ਦੂਰੀ ਮਿਟਾਉਣ ਦੀ ਕੋਸ਼ਿਸ਼ ਕਰਨਗੇ।

ਅਖ਼ੀਰ ਵਿਚ ਇਹ ਕਹਿਣਾ ਜ਼ਰੂਰੀ ਹੈ ਕਿ ਅਸੀਂ ਕਦੀ ਵੀ ਖ਼ੁਦ ਨੂੰ ਦੋਸ਼-ਰਹਿਤ ਨਹੀਂ ਸਮਝਦੇ। ਕੁਦਰਤੀ ਅਸੀਂ ਵੀ ਗਲਤੀਆਂ ਕਰਦੇ ਹੋਵਾਂਗੇ। ਸਾਡੀਆਂ ਗਲਤੀਆਂ ਬਾਰੇ ਸਾਨੂੰ ਜਾਣੂ ਕਰਾਉਣਾ ਪਾਠਕਾਂ ਦਾ ਕੰਮ ਹੈ। ਉਮੀਦ ਹੈ ਪਾਠਕ ਸੱਚ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਨਗੇ। ਅਤੇ ਸਾਨੂੰ ਸਾਡੀਆਂ ਗਲਤੀਆਂ ਤੋਂ ਜਾਣੂ ਕਰਾਉਂਦੇ ਰਹਿਣਗੇ ਤਾਂ ਕਿ ਇਕ ਦੂਜੇ ਦੇ ਸਹਿਯੋਗ ਨਾਲ ਪੰਜਾਬੀ ਬੋਲੀ ਤੇ ਸਾਹਿਤ ਦੇ ਵਾਧੇ ਲਈ ਕੋਈ ਠੋਸ ਕੰਮ ਕਰ ਸਕੀਏ।

ਸਾਧੂ

---

## ਪਾਠਕਾਂ ਦੇ ਨਾਂ

ਇਸ ਅੰਕ ਨਾਲ ਅਸੀਂ ਵਤਨੋਂ ਦੂਰ ਦੇ ਸਫ਼ੇ ਘਟਾ ਰਹੇ ਹਾਂ। ਇਸ ਬਾਰ ਕਿਉਂਕਿ ਪਰਚੇ ਵਿਚ ਕੋਈ ਵੀ ਇਸ਼ਤਿਹਾਰ ਨਹੀਂ ਦਿੱਤਾ ਜਾ ਰਿਹਾ ਜਿਸ ਨਾਲ ਮੈਟਰ ਦੇ ਤਕਰੀਬਨ ਪਹਿਲਾਂ ਜਿੰਨੇ ਹੀ ਸਫ਼ੇ ਬਣਦੇ ਹਨ। ਅਸੀਂ ਇਸ ਕੋਸ਼ਿਸ਼ ਵਿਚ ਹਾਂ ਕਿ ਅੱਗੇ ਤੋਂ ਵੀ ਘੱਟ ਤੋਂ ਘੱਟ ਇਸ਼ਤਿਹਾਰ ਦਿੱਤੇ ਜਾਇਆ ਕਰਨ। ਅਜਿਹਾ ਕਰਨ ਲਈ ਸਾਨੂੰ ਪਾਠਕਾਂ ਦੇ ਸਹਿਯੋਗ ਦੀ ਪਹਿਲਾਂ ਨਾਲੋਂ ਵੀ ਵੱਧ ਲੋੜ ਹੈ। ਸਾਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕਿ ਕੈਨੇਡੀਅਨ ਪੰਜਾਬੀ ਪਾਠਕ ਘੱਟੋ ਘੱਟ ਇਕ ਮਾਸਿਕ ਸਾਹਿਤਕ ਪਰਚਾ ਤਾਂ ਜ਼ਰੂਰ ਕੱਢਣ ਦੇ ਯੋਗ ਹਨ। ਸਾਡੀ ਪਾਠਕਾਂ ਪ੍ਰਤੀ ਇਹ ਬੇਨਤੀ ਹੈ ਕਿ ਜਿਨ੍ਹਾਂ ਜਿਨ੍ਹਾਂ ਦੇ ਚੰਦੇ ਖ਼ਤਮ ਹੋ ਚੁੱਕੇ ਹਨ ਉਹ ਆਪਣੇ ਚੰਦੇ ਜ਼ਰੂਰ ਭੇਜ ਦੇਣ ਤੇ ਨਵੇਂ ਪਾਠਕ ਬਣਾਉਣ ਵਿਚ ਸਾਡੀ ਮਦਦ ਕਰਨ।

ਸਰਕੂਲੇਸ਼ਨ ਐਡੀਟਰ
ਸਰਵਣ ਬੋਲ

# ਆਸ

## ਸੁਖਵੰਤ ਸਿੰਘ ਹੁੰਦਲ

"ਕੀ ਤੁਹਾਨੂੰ ਕਾਮਿਆਂ ਦੀ ਲੋੜ ਹੈ"

"ਤੂੰ ਕਦੇ ਪਹਿਲਾਂ ਵੀ ਏਸ ਤਰਾਂ ਦਾ ਕੰਮ ਕੀਤਾ"

"ਨਹੀਂ"

"ਸੌਰੀ ਮੈਂ ਤੈਨੂੰ ਟਰੇਂਡ ਨਹੀ ਕਰ ਸਕਦਾ"

ਉਹ ਉਸੇ ਪਲ ਆਫਿਸ ਚੋਂ ਬਾਹਰ ਆ ਗਿਆ ਤੇ ਦਿਲ 'ਚ ਇਕ ਵੱਡੀ ਸਾਰੀ ਗਾਲ੍ਹ ਕੱਢੀ। ਸਾਲੇ ਹਰ ਕੰਮ 'ਚ ਤਜ਼ਰਬਾ ਮੰਗਦੇ ਹਨ। ਤਿੰਨਾਂ ਡਾਲਰਾਂ ਦਾ ਕੰਮ ਹੁੰਦਾ ਤੇ ਪੰਜ ਸਾਲਾਂ ਦਾ ਤਜ਼ਰਬਾ ਮੰਗਦੇ ਹਨ। ਤਜ਼ਰਬਾ ਕੋਈ ਘਰੋਂ ਲੈ ਆਵੇ ਜਦੋਂ ਕੋਈ ਕੰਮ ਹੀ ਨਾ ਦੇਵੇ।

ਕਨੇਡਾ 'ਚ ਆਇਆਂ ਉਸ ਨੂੰ ਦੋ ਸਾਲ ਹੋ ਚੁੱਕੇ ਸਨ। ਪਰ ਹੁਣ ਤਕ ਕੋਈ ਪੱਕਾ ਕੰਮ ਨਹੀਂ ਸੀ ਮਿਲਿਆ। ਉਸ ਕਿਤੇ ਵੀ ਚਾਰ ਮਹੀਨਿਆਂ ਤੋਂ ਵੱਧ ਕੰਮ ਨਹੀਂ ਸੀ ਕੀਤਾ। ਪਿਖਲੇ ਤਿੰਨ ਚਾਰ ਮਹੀਨਿਆਂ ਤੋਂ ਤਾਂ ਉਸਦਾ ਬੇਰੁਜ਼ਗਾਰੀ ਭੱਤਾ ਵੀ ਬੰਦ ਹੋ ਚੁੱਕਾ ਸੀ। ਉਹ ਹਰ ਰੋਜ਼ ਫੈਕਟਰੀਆਂ, ਮਿੱਲਾਂ ਦੇ ਚੱਕਰ ਮਾਰਦਾ ਪਰ ਹਰ ਜਗਹ ਸੌਰੀ ਅਸੀਂ ਹੋਰ ਬੰਦੇ ਨਹੀਂ ਰਖ ਰਹੇ। ਅਸੀਂ ਤਾਂ ਪਹਿਲਾਂ ਹੀ ਲੇਅ ਆਫ ਕੀਤੇ ਹੋਏ ਸਨ ਜਾਂ ਸਾਡੇ ਅਗਲੇ ਮਹੀਨੇ ਤੋਂ ਲੇ ਆਫ ਹੋ ਰਹੀ ਹੈ ਵਰਗੇ ਜੁਆਬ ਸੁਣ ਉਹ ਖਾਲੀ ਪਰਤ ਆਉਂਦਾ।

ਉਸਨੂੰ ਖਿਆਲ ਆਇਆ ਜਦੋਂ ਉਹ ਇੰਡੀਆ ਤੋਂ ਆਇਆ ਸੀ ਕਿੰਨੇ ਸੁਫਨੇ ਸਨ ਉਸਦੇ। ਹੁਣ ਹਰ ਇਕ ਦਿਨ ਦੇ ਡੁੱਬਣ ਨਾਲ ਉਸ ਦੇ ਕੁੱਝ ਸੁਫਨੇ ਕਿਰ ਜਾਂਦੇ ਹਨ ਅਤੇ ਉਹ ਉਨਾਂ ਦਾ ਮਾਤਮ ਕਰਨ ਤੋਂ ਬਿਨਾ ਕੁਝ ਨਹੀਂ ਕਰ ਸਕਦਾ। ਕਦੇ ਉਸ ਸੋਚਿਆ ਸੀ ਚਾਰ ਪੰਜ ਸਾਲ ਦਬੱਲ ਕੰਮ ਕਰਕੇ ਉਹ ਵਾਪਸ ਦੇਸ ਪਰਤ ਜਾਵੇਗਾ ਪਰ ਹੁਣ ਤਾਂ ਉਸ ਨੂੰ ਚਾਰ-ਪੰਜਾਂ ਸਾਲਾਂ ਤਕ ਕੰਮ ਮਿਲਨ ਦੀ ਹੀ ਆਸ ਨਹੀਂ ਪਰਤਣ ਦੀ ਗੱਲ ਤਾਂ ਆਸੋਂ ਬਾਹਰ ਹੈ। ਉਸ ਨੂੰ ਇਹ ਸੋਚ ਆਪਣੇ ਦਿਲ ਉਦਾਸੀ ਪਸਰਦੀ ਦਿੱਸੀ। ਇਸ ਉਦਾਸੀ ਤੋਂ ਬਚਣ ਲਈ ਉਸ ਦਰਿਆਓਂ ਪਾਰ ਫੈਕਟਰੀਆਂ ਵਲ ਜਾਣ ਦਾ ਮਨ ਬਣਾਇਆ।

ਸਵੇਰ ਦਾ ਪੈਦਲ ਹੀ ਤੁਰਿਆ ਹੋਣ ਕਰਕੇ ਉਹ ਕਾਫ਼ੀ ਥੱਕ ਚੁੱਕਾ ਸੀ। ਉਸ ਦਾ ਜੀਅ ਕੀਤਾ ਉਹ ਬੱਸ ਚ ਜਾਵੇ। ਉਸ ਜੇਬ ਚ ਹੱਥ ਮਾਰਿਆਂ ਦੋ ਦੱਸੀਆਂ, ਇਕ ਪੰਜੀ ਤੇ ਦੋ ਤਿੰਨ ਪੈਨੀਆਂ ਹੀ ਹੱਥ ਆਈਆਂ ਜੱਦ ਕਿ ਬੱਸ ਲਈ ਪੂਰੇ ਪੈਂਤੀ ਸੈਂਟ ਚਾਹੀਦੇ ਸਨ। ਉਸ ਦੂਜੀ ਜੇਬ ਚ ਹੱਥ ਮਾਰਿਆ ਇਕ ਡਾਲਰ ਦਾ ਮੁੜਿਆ ਜ਼ਿਹਾ ਨੋਟ ਨਿਕਲਿਆ। ਉਸ ਦਾ ਜੀਅ ਕੀਤਾ ਕਿਸੇ ਕਿ ਕਾਰਨਰ ਸਟੋਰ ਤੋਂ ਡਾਲਰ ਤੁੜਾ ਲਵੇ ਪਰ ਦੂਜੇ ਹੀ ਪਲ਼ ਉਸ ਨੂੰ ਖਿਆਲ ਆਇਆ ਇਹ ਡਾਲਰ ਹੀ ਉਸਦੀ ਆਖਰੀ ਪੂੰਜੀ ਹੈ ਤੇ ਹਾਲੇ ਹੋਰ ਕਿਤਿਓਂ ਪੈਸੇ ਮਿਲਨ ਦੀ ਆਸ ਨਹੀਂ ਜੇ ਕਿਤੇ ਉਸ ਨੂੰ ਫੇਰ ਲੋੜ ਪੈ ਗਈ? ਫਿਰ ਉਸ ਇਹ ਡਾਲਰ ਆਉਣ ਵਾਲੇ ਸਮੇਂ ਲਈ ਰੱਖ ਬੱਸ ਤੇ ਜਾਣ ਦਾ ਇਰਾਦਾ ਛੱਡ ਦਿੱਤਾ। ਆਪਣੇ ਆਪ ਨੂੰ ਹੌਂਸਲਾ ਦੇਣ ਲਈ ਉਸ ਮਨ 'ਚ ਕਿਹਾ ਕਿਹੜਾ ਦੂਰ ਜਾਣਾ, ਬੱਸ ਇਕ ਪੁਲ ਹੀ ਤਾਂ ਹੈ ਵਿਚਕਾਰ, ਉਹ ਪਾਰ ਕਰ ਲਿਆ ਤਾ ਪਹੁੰਚ ਗਏ! ਪਰ ਉਸਦੀਆਂ ਲੱਤਾਂ ਜਾਣਦੀਆਂ ਸਨ ਬਈ ਪੁਲ ਦੀ ਲੰਬਾਈ ਪੂਰੇ ਮੀਲ ਤੋਂ ਘੱਟ ਨਹੀਂ।"

ਉਹ ਲੱਤਾਂ ਘੜੀਸਦਾ ਦਰਿਆਓਂ ਪਾਰ ਵਾਲੇ ਇੰਡਸਟਰੀਅਲ ਏਰੀਏ ਚ ਅਪੜ ਗਿਆ। ਏਥੇ ਦਸਾਂ ਬਾਰਾਂ ਫੈਕਟਰੀਆ ਦਾ ਘੇਰਾ ਜਿਹਾ ਸੀ। ਉਸ ਇਕ ਸਿਰੇ ਤੋਂ ਦੂਜੇ ਸਿਰੇ ਤਕ ਇੱਕਲੇ ਇੱਕਲੇ ਦਫਤਰ ਚ ਜਾ ਪੁੱਛਣ ਦਾ ਫੈਸਲਾ ਕੀਤਾਂ। ਪਹਿਲੀਆਂ ਦੋ ਤਿੰਨ ਤੋਂ ਉਸ ਨੂੰ ਉਹੀ ਹਰ ਰੋਜ ਵਾਲੇ ਜੁਆਬ, "ਸੌਰੀ ਅਸੀਂ ਬੰਦੇ ਨਹੀਂ ਰੱਖ ਰਹੇ" ਵਗੈਰਾ ਹੀ ਮਿਲੇ ਚੋਥੀ ਫੈਕਟਰੀ ਦੇ ਦਫਤਰ ਚ ਜਦੋਂ ਉਸ ਪੁੱਛਿਆ ਕੀ ਤੁਹਡੇ ਕੋਈ ਜਗਹ ਖਾਲੀ ਹੈ।

"ਐਪਲੀਕੇਸ਼ਨ ਭਰ ਦਿਉ" ਰੀਸੈਪਸ਼ਨਸਟ ਕੁੜੀ ਨੇ ਕਿਹਾ ਅਤੇ ਇਕ ਐਪਲੀਕੇਸ਼ਨ ਫਾਰਮ ਉਸ ਨੂੰ ਫੜਾ ਦਿੱਤਾ। ਉਹ ਐਪਲੀਕੇਸ਼ਨ ਚ ਪੁਛੇ ਗਏ ਸੁਆਲਾਂ ਦੇ ਜੁਆਬ ਭਰਨ। ਲੱਗਾ ਪੁਛੇ ਗਏ ਕਈ ਸੁਆਲਾਂ ਤੇ ਉਸ ਨੂੰ ਖਿੱਝ ਆ ਰਹੀ ਸੀ। "ਤੁਸੀਂ ਬੀ. ਸੀ ਚ ਕਿੰਨੇ ਸਮੇਂ ਤੋਂ ਰਹਿ ਰਹੇ ਹੋ? ਵਿਆਹੇ ਹੋਏ ਹੋ, ਜਾਂ ਕੁਆਰੇ ਜਾਂ ਜਾਂ ਤਲ਼ਾਕ ਸ਼ੁਦਾ? ਉਸ ਦਾ ਜੀਅ ਕੀਤਾਂ ਉਨਾਂ ਨੂੰ ਕਹੇ ਮੈਂ ਹਾਲੇ ਕੁਆਰਾ ਹੀ ਹਾਂ ਤੁਸੀਂ ਕਰ ਦਿਓ ਕੁੜੀ ਦਾ ਰਿਸ਼ਤਾ ਜਿਹੜਾ ਕਰਨਾ। ਉਹ ਆਪਣੇ ਏਸ ਖਿਆਲ ਤੇ ਮੁਸਕਰਾ ਫਾਰਮ ਭਰਦਾ ਰਿਹਾ ਐਪਲੀਕੇਸ਼ਨ ਪੂਰੀ ਕਰ ਉਹ ਰਿਸੈਪਸ਼ਨਿਸਟ ਕੋਲ ਲੈ ਗਿਆ

"ਸਾਡਾ ਪਰਸਨਲ ਹਣੇ ਹੀ ਤੁਹਾਡੇ ਨਾਲ ਗਲ ਕਰਦਾ ਹੈ।" ਰਿਸੈਪਸ਼ਨਿਸਟ ਨੇ ਕਿਹਾ।

ਪੰਦਰਾਂ ਬੀਹਾਂ ਮਿੰਟਾਂ ਬਾਅਦ ਪਰਸਨਲ ਨੇ ਉਸ ਨੂੰ ਆਪਣੇ ਆਫਿਸ 'ਚ ਬੁਲਾਇਆਂ ਉਸ ਤੋਂ ਦੁਆਰਾ ਉਹ ਹੀ ਸੁਆਲ ਪੁੱਛੇ ਜਿਨਾਂ ਦੇ ਜੁਆਬ ਉਹ ਐਪਲੀਕੇਸ਼ਨ ਚ ਦੇ ਚੁੱਕਾ ਸੀ। "ਤੁਹਾਡੀ ਉਮਰ ਕਿੰਨੀ ਹੈ? ਤੁਹਾਡੇਂ ਕੋਲ ਡਰਾਇਵਿੰਗ ਲਾਈਸੈਂਸ ਹੈ ਕਿ ਨਹੀਂ? ਪਹਿਲਾਂ ਕਿੱਥੇ ਕੰਮ ਕੀਤਾ? ਅਤੇ ਫਿਰ ਉਸ ਨੂੰ ਇਹ ਕਹਿ ਬਈ ਜਦੋਂ ਸਾਨੂੰ ਲੋੜ ਪਈ ਅਸੀਂ ਫੋਨ ਕਰਾਂਗੇ। ਭਾਵੇਂ ਉਸ ਨੂੰ ਪਤਾ ਸੀ ਬਈ ਉਨਾਂ ਕੋਈ ਫੋਨ ਵਗੈਰਾ ਨਹੀਂ ਕਰਨਾ ਕਿਉਂ ਕਿ ਪਹਿਲਾਂ ਵੀ ਉਸ ਨਾਲ ਕਈ ਵਾਰੀ ਇੰਝ ਹੋ ਚੁੱਕਾ ਸੀ ਪਰ ਫਿਰ ਵੀ ਉਸ ਦੇ ਦਿਲ ਨੂੰ ਕੁੱਝ ਧਰਵਾਸ ਜਿਹਾਂ ਹੋਇਆ। ਸਵੇਰ ਦੀ ਕਿਸੇ ਨੇ ਤਾਂ ਐਪਲੀਕੇਸ਼ਨ ਲਈ। ਇਸੇ ਖੁਸ਼ੀ ਚ ਉਹ ਅਗਲੀ ਫੈਕਟਰੀ ਦੇ ਦਫਤਰ ਚ ਪੁਛਣ ਚਲਾ ਗਿਆ।

ਕੀ ਤੁਸੀ ਕੰਮ ਲਈ ਐਪਲੀਕੇਸ਼ਨਜ਼ ਲੈ ਰਹੇ ਹੋ? ਉਸ ਪੁੱਛਿਆ ਰੀਸ਼ੈਪਸ਼ਨਿਸਟ ਜੋ ਮੇਕਅਪ ਚ ਪਰੀ ਲਗਦੀ ਸੀ ਨੇ ਮੱਥੇ ਤੇ ਤਿਊੜੀ ਪਾ ਕਿਹਾ ਤੈਨੂੰ ਅੰਗ੍ਰੇਜੀ ਨਹੀਂ ਪੜਨੀ ਆਉਂਦੀ ਬਾਹਰ ਵੱਡਾ ਸਾਰਾ ਲਿਖ ਕੇ ਲਾਇਆ ਹੋਇਆ, ਸਾਡੇ ਕੋਲ ਕੋਈ ਕੰਮ ਨਹੀਂ ਉਸ ਨੂੰ

ਕੁੜੀ ਦੇ ਰੁੱਖੇਪਣ ਤੇ ਬੜਾ ਗੁੱਸਾ ਆਇਆ ਪਰ ਉਹ ਨਿਮੋਝਣਾ ਹੋ ਦਫਤਰੋਂ ਬਾਹਰ ਆ ਗਿਆ । ਏਸ ਰੁੱਖੇਪਣ ਕਾਰਨ ਉਸ ਦੂਜੀਆਂ ਫੈਕਟਰੀਆਂ ਚ ਜਾਣ ਨੂੰ ਦਿਲ ਕੀਤਾ ਅਤੇ ਉਹ ਘਰ ਵਲ ਤੁਰ ਪਿਆ ।

ਬਾਹਰ ਹਵਾ ਪਸਲੀਆਂ ਚੀਰਦੀ ਜਾਂਦੀ ਸੀ ਉਸ ਸੋਚਿਆ ਸ਼ਾਇਦ ਏਸ ਸਿਆਲ ਦੀ ਪਹਿਲੀ ਬਰਫ ਪੈਣੀ ਹੋਵੇ । ਉਸ ਦੀ ਭੁੱਖ ਚਮਕ ਪਈ ਸੀ । ਉਹ ਸਵੇਰ ਦਾ ਇਕ ਕੱਪ ਚਾਹ ਦਾ ਪੀ ਘਰੋਂ ਨਿਕਲਿਆ ਸੀ ਤੇ ਹੁਣ ਦੁਪਹਿਰ ਦਾ ਇਕ ਵੱਜ ਚੁੱਕਾ ਸੀ ਰੈਸਟੋਰੈਂਟ ਦੇ ਕੋਲ ਦੀ ਲੰਘਦਿਆ ਉਸ ਦਾ ਜੀਅ ਕੀਤਾ ਬਈ ਉਹ ਇਕ ਹੈਮਬਰਗਰ ਲੈ ਕੇ ਖਾਵੇ । ਪਰ ਫੇਰ ਸਵੇਰ ਵਾਂਗ ਸੋਚ ਉਹ ਡਾਲਰ ਨੂੰ ਜੇਬ ਚ ਘੁਟ ਘਰ ਵੱਲ ਹੋ ਤੁਰਿਆ । ਉਥੇ ਜਾ ਕੇ ਹੀ ਡਬਲ ਰੋਟੀ ਖਾਵਾਂਗੇ । ਉਸ ਮਨ ਚ ਸੋਚਿਆ ਇਹ ਵੀ ਚੰਗਾ ਹੈ ਕਿ ਉਸਦੇ ਦੋਸਤ ਦੀ ਪਤਨੀ ਇਕ ਬਕਰੀ ਚ ਕੰਮ ਕਰਟੀ ਹੈ ਤੇ ਉਸ ਨੂੰ ਡਬਲਰੋਟੀਆ ਮੁਫਤ ਮਿਲ ਜਾਂਦੀਆਂ ਹਨ ਨਹੀਂ ਤਾਂ ਸ਼ਾਇਦ ਡਬਲਰੋਟੀਆਂ ਵੀ ਨਾਂ ਖਾਣ ਨੂੰ ਹੁੰਦੀਆਂ । ਜਦ ਉਹ ਪੁਲ ਤੇ ਚੜ੍ਹਨ ਲੱਗਾ ਇਕ ਕਾਰ ਉਸਦੇ ਬਰਾਬਰ ਰੁੱਕ ਗਈ ।

"ਆਜਾ ਲੈ ਚੱਲਾਂ"

ਉਸ ਵੇਖਿਆਂ ਦੂਰ ਦੀ ਰਿਸ਼ਤੇਦਾਰੀ ਚੋਂ ਉਸ ਦਾ ਮਾਮਾ ਸੀ । ਉਹ ਬਾਰੀ ਖੋਲ੍ਹ ਕਾਰ ਚ ਬਹਿ ਗਿਆ ।

"ਕਿੱਧਰੋਂ ਮਾਮੇ ਨੇ ਪੁੱਛਿਆ ।"

"ਬਸ ਇਨਾਂ ਫੈਕਟਰੀਆਂ ਚ ਕੰਮ ਪੁੱਛਣ ਗਿਆ ਸੀ ।"

"ਕਿੱਦਾਂ ਬਣੀ ਕੋਈ ਗੱਲ ?"

"ਹਾਂ ਉਹ ਹੀ ਪੁਰਾਣੇ ਜੁਆਬ ।" ਉਸ ਕਿਹਾ


"ਤੂੰ ਤਾਂ ਪੜ੍ਹਿਆਂ ਲਿਖਿਆਂ ਕੋਈ ਕੋਰਸ ਵਗੈਰਾ ਕਰਲਾ ਏਥੇ ਹੁਣ ਕੋਰਸਾਂ ਤੋ ਬਿਨਾਂ ਕੋਈ ਨਹੀਂ ਪੁੱਛਦਾ" ਮਾਮੇ ਨੇ ਕਿਹਾ ।

ਉਸ ਦਾ ਜੀਅ ਕੀਤਾ ਮਾਮੇ ਦੇ ਥੱਪੜ ਮਾਰੇ ਉਹਦਾ ਵੀ ਜੀਅ ਕਰਦਾ ਹੈ ਕੁੱਝ ਕਰਨ ਲਈ । ਇੰਡੀਆ ਬੀ.ਐਸ.ਸੀ. ਚ ਗਾਲੇ ਚੌਦਾਂ ਸਾਲ ਉਹ ਐਵੇ ਨਹੀਂ ਗੁਆਉਣਾ ਚਾਹੁੰਦਾ ਸੀ । ਪਰ ਜੇ ਕੋਰਸ ਕਰਨ ਲਗ ਪਿਆਂ ਤਾਂ ਉਸਨੂੰ ਰੋਟੀ ਮਾਮੇ ਦਾ ਪਿਉ ਦਿਉ । ਪਰ ਉਹ ਚੁੱਪ ਰਿਹਾ । ਪੰਜਾਂ ਕੁ ਮਿੰਟਾਂ ਚ ਮਾਮਾ ਉਸਨੂੰ ਉਸਦੀ ਕਿਰਾਏ ਵਾਲੀ ਬੇਸਮੈਂਟ ਛੱਡ ਚਲਾ ਗਿਆ ।

ਉਸ ਆਉਂਦੇ ਹੀ ਚਾਹ ਦਾ ਪਾਣੀ ਧਰ ਦਿੱਤਾ ਤੇ ਆਪ ਅਲਮਾਰੀ ਚੋਂ ਡਬਲਰੋਟੀ ਭਾਲਣ ਲੱਗਾ । ਤਿੰਨ ਕੁ ਪੀਸ ਪਏ ਸਨ ਜੋ ਉਸ ਚਾਹ ਨਾਲ ਖਾ ਲਏ । ਉਸਦੀ ਭੁੱਖ ਨੂੰ ਥੋੜਾ ਜਿਹਾ ਆਸਰਾ ਹੋਇਆ ਸਵੇਰ ਦਾ ਤੁਰ ਤੁਰ ਉਹ ਇਨ੍ਹਾ ਥੱਕ ਚੁੱਕਾ ਸੀ ਕਿ ਉਸ ਦਾ ਜੀਅ ਕੀਤਾ ਉਹ ਆਰਾਮ ਨਾਲ ਰਜ਼ਾਈ ਚ ਸੌਂ ਜਾਵੇ । ਪਰ ਉਸ ਘਾਟ ਤੇ ਜਿਥੇ ਸਮੁੰਦਰੀ ਜਹਾਜਾਂ ਤੋਂ ਸਾਮਾਨ ਲਾਹੁੰਦੇ ਹਨ ਫੋਨ ਕਰਨ ਦੀ ਸੋਚੀ । ਉਸ ਘਾਟ ਤੇ ਜਿਥੇ ਸਮੁੰਦਰੀ ਜਹਾਜਾਂ ਤੋਂ ਸਾਮਾਨ ਲਾਹੁੰਦੇ ਹਨ ਫੋਨ ਕਰਨ ਦੀ ਸੋਚੀ ਉਸ ਆਪਣੇ ਮਾਲਕ ਮਕਾਨ ਦੀ ਪਤਨੀ ਤੋਂ ਪੁੱਛਿਆ, ਭੈਣ ਜੀ ਕੀ ਮੈਂ ਫੋਨ ਕਰ ਸਕਦਾ ਹਾਂ ? ਭੈਣ ਜੀ ਨੇ ਮੱਥੇ ਤੇ ਤਿਊੜੀ ਪਾ (ਕਿਉਂ ਕਿ ਉਸ ਉਨਾਂ ਦਾ ਦੋ ਮਹੀਨਿਆਂ ਦਾ ਮਹੀਨਿਆਂ ਦਾ ਕਿਰਾਇਆ ਦੇਣਾ ਸੀ) ਫੋਨ ਉਸਦੇ ਹੱਥ ਫੜਾ ਦਿੱਤਾ

ਉਸ ਫੋਨ ਘੁਮਾਇਆ ਅੱਗੇ ਟੇਪ ਬੋਲ ਰਹੀ ਸੀ ਅੱਠ ਗੈਂਗਾਂ ਕੰਮ ਕਰ ਰਹੀਆਂ ਸਨ । ਸ਼ਾਮ ਦੀ ਸ਼ਿਫਟ ਚ ਇਕ ਦੋ ਹੋਰ ਗੈਂਗਾਂ ਦੇ ਕੰਮ ਦੀ ਆਸ ਸੀ ਉਸ ਸੋਚਿਆਂ ਯੂਨੀਅਨ ਵਾਲੇ ਬੰਦੇ ਚਾਰ ਪੰਜ ਗੈਂਗਾਂ ਚ ਹੀ ਆਂ ਜਾਂਦੇ ਹਨ । ਦੋ ਤਿੰਨ ਗੈਂਗਾਂ ਚ ਪਲੇਟ ਤੇ ਪਰਚੀਆਂ ਵਾਲੇ ਆਂ ਜਾਣਗੇ । ਨਵੀਆਂ ਗੈਂਗਾਂ ਚ ਸ਼ਾਇਦ ਨਵੇਂ ਬੰਦਿਆ ਦੀ ਦਿਹਾੜੀ ਲਗ ਜਾਵੇ । ਤੇ ਉਹ ਕੂਹਣੀਆਂ ਤੋਂ ਘਸੀ ਜੈ ਕਟ ਪਾ ਘਾਟ ਵਲ ਤੁਰ ਪਿਆ ਸ਼ਾਇਦ ਉਹਦੀ ਇਕ ਰਾਤ ਲਗ ਹੀ ਜ ਵੇ ।


ਉਤਰੀ ਅਮਰੀਕਾ ਮਹਾਂਦੀਪ ਵਿਚ ਪੰਜਾਬੀ ਦਾ ਇਕੋ ਇਕ ਸਾਹਿਤਕ-ਸੱਭਿਆਚਾਰਕ ਮਾਸਿਕ




ਖੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ ਅੱਠ ਡਾਲਰ ਤੇ ਛਿਮਾਹੀ ਚੰਦਾ ਚਾਰ ਡਾਲਰ ਹੈ।

THE WATNO DŪR

ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਫਿਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ!

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ.

- ਮੈਂ ਅੱਠ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:

.......................... ..........................
.......................... ..........................

ਇਕ ਰਿਪੋਰਟ:

# ਪੰਜਾਬ ਪੁਲੀਸ

—ਸਿਪਾਹੀ ਲੱਖਾ ਸਿੰਘ

(ਸਿਪਾਹੀ ਲੱਖਾ ਸਿੰਘ ਆਪਣੀ ਰਿਪੋਰਟ ਦੇ ਅਖੀਰ 'ਚ ਲਿਖਦਾ ਹੈ "ਇਹ ਛੋਟੀ ਨਹੀਂ, ਬੜੀ ਵੱਡੀ ਗੱਲ ਹੈ"। ਤੇ ਕੌਣ ਉਹਦੇ ਨਾਲ ਸਹਿਮਤ ਨਹੀਂ ਹੋਵੇਗਾ? ਇਹ ਸੱਚ ਮੁੱਚ ਬਹੁਤ ਵੱਡੀ ਗੱਲ ਹੋਈ ਹੈ, ਕਿ ਪੰਜਾਬ (ਹਿੰਦੁਸਤਾਨ) ਦੀ ਪੁਲੀਸ ਨੇ ਵੀ ਅਸਲੀਅਤ ਨੂੰ ਜਾਣ ਲਿਆ ਹੈ। ਲੰਡਨ ਵਿਚ ਪਸੰਦ ਕੀਤੀ ਹੋਈ ਤੇ 'ਫਲੈਗ' ਵਰਗੀਆਂ ਫੈਕਟਰੀਆਂ ਵਿਚ ਤਿਆਰ ਕੀਤੀ ਹੋਈ ਅਫ਼ਸਰਸ਼ਾਹੀ ਵਰਦੀਆਂ ਵਾਲੀ ਪੰਜਾਬ ਦੀ ਪੁਲਸ, ਲਗਦਾ ਹੈ ਪਹਿਲੀ ਵਾਰੀ ਆਪਣੇ ਘਰ ਆਈ ਹੈ। 'ਖਾਕੀ' ਵਾਲੇ ਹੱਥਾਂ ਨੇ ਪਹਿਲੀ ਵਾਰੀ ਲੋਕਾਂ ਨੂੰ ਲਾਠੀ ਸੁੱਟ ਆਪਣੇ ਹੱਥਾਂ ਦੇ ਛਾਲੇ ਵਿਖਾਏ ਹਨ। ਤੇ ਇਹ ਖੁਸ਼ੀ ਦੀ ਗੱਲ ਹੈ ਕਿ ਲੋਕਾਂ ਨੇ ਉਹਨਾਂ ਦੇ ਛਾਲਿਆਂ ਵਾਲੇ ਹੱਥਾਂ ਨੂੰ ਘੁੱਟ ਕੇ ਹਿੱਕ ਨਾਲ ਲਾਇਆ ਹੈ ਅਤੇ ਉਨ੍ਹਾਂ ਦੇ ਹੱਕਾਂ ਲਈ ਉਹਨਾਂ ਦੀ ਅਵਾਜ਼ ਨਾਲ ਅਵਾਜ਼ ਉਠਾਈ ਹੈ।—ਸੰਪਾਦਕ)

ਹੱਕ ਜਿਨ੍ਹਾਂ ਦੇ ਆਪਣੇ,
ਆਪ ਲੈਣਗੇ ਖੋਹ ॥

"ਅਸੀਂ ਵੀ ਬੰਦੇ ਹਾਂ" — ਪੰਜਾਬ ਪੁਲਸ

ਸੱਤ ਮਈ ਪਟਿਆਲੇ ਸ਼ਹਿਰ ਵਿਖੇ ਇਨਕਲਾਬ ਆਇਆ। ਪਹਿਲੀ ਮਈ ਲੰਘੀ ਹੀ ਸੀ ਕਿ ਪੰਜਾਬ ਦੀ ਚੇਤਨਤਾ ਫਿਰ ਜਾਗੀ। ਵਿਚਾਰੇ ਪੁਲਸ ਵਾਲੇ ਰੋਜ਼ ਨਾਅਰੇ ਸੁਣਦੇ ਸਨ : "ਹੱਕ ਜਿਨ੍ਹਾਂ ਦੇ ਆਪਣੇ, ਆਪੇ ਲੈਣਗੇ ਖੋਹ।" ਜਲਸੇ ਜਲੂਸਾਂ ਵਿਚ ਉਹ ਜਾਂਦੇ ਸਨ। ਕਈ ਵਾਰੀਂ ਉਹਨਾਂ ਨੂੰ ਲਾਠੀ ਚਾਰਜ ਵਾਸਤੇ ਵੀ ਹੁਕਮ ਹੁੰਦਾ। ਉਂਜ ਵੀ ਜਦੋਂ ਜੀਅ ਕਰਦਾ, ਅਫਸਰ ਕੁਟ ਕੁਟਾਈ ਕਰਵਾਈ ਜਾਂਦੇ ਤੇ ਉਹ ਭਾੜੇ ਦੇ ਟੱਟੂ ਜੋ ਹੁਕਮ ਹੁੰਦਾ, ਉਸ ਨੂੰ ਮੰਨੀ ਜਾਂਦੇ। ਪਰ ਜ਼ੁਲਮ ਦੀ ਇਹ ਹਨੇਰੀ ਕਦੋਂ ਤਕ ਝੁਲੀ ਜਾਂਦੀ? ਨਿਹੱਥੇ ਤੇ ਬਾਅਮਨ ਲੋਕਾਂ ਨੂੰ ਨਹੱਕ ਕੁਟਣ ਨੂੰ ਕੀਹਦਾ ਜੀਅ ਕਰਦੈ? ਆਖਿਰ ਪੁਲਸ ਵਾਲੇ ਵੀ ਤਾਂ ਬੰਦੇ ਹੀ ਸਨ। ਜਲੂਸਾਂ ਮੁਜ਼ਾਹਰਿਆਂ ਵਿਚ ਸ਼ਾਮਿਲ ਹੋਣ ਵਾਲੇ ਮਜ਼ਦੂਰਾਂ, ਵਿਦਿਆਰਥੀਆਂ, ਸਕੂਲ ਮਾਸਟਰਾਂ ਦੇ ਭਰਾ, ਪਿਉ, ਸਾਕ ਸਨਬੰਧੀ ਹੀ ਸਨ; ਨਾਹਰੇ ਲਾਉਂਦੀਆਂ ਭੈਣਾਂ ਦੇ ਵੀਰ ਹੀ ਸਨ। ਇਹ ਠੀਕ ਹੈ ਕਿ ਪੁਲਸ ਵਾਲਿਆਂ ਕੋਲੋਂ ਹਾਕਮ, ਕੰਮ ਵਹਿਸ਼ੀਆਂ ਵਾਲਾ ਲੈਂਦੇ ਸਨ ਅਤੇ ਢਿੱਡ ਦੀ ਖ਼ਾਤਰ ਉਹਨਾਂ ਨੂੰ ਇਹ ਕੰਮ ਕਰਨਾ ਵੀ ਪੈਂਦਾ ਸੀ...ਅਤੇ ਏਸੇ ਲਈ ਲੋਕ ਉਹਨਾ ਨੂੰ ਬੰਦੇ ਨਹੀਂ ਸਨ ਸਮਝਦੇ। ਏਸੇ ਲਈ ਆਏ ਦਿਨ "ਪੰਜਾਬ ਪੁਲਸ ਮੁਰਦਾਬਾਦ! ਖਾਕੀ ਕੁੱਤੇ ਮੁਰਦਾਬਾਦ" ਹੁੰਦੀ ਰਹਿੰਦੀ ਸੀ। ਪੂੰਜੀਵਾਦੀ ਸਮਾਜਕ ਪ੍ਰਬੰਧ ਵਿਚ ਫਸੀਆਂ ਦੋਵੇਂ ਧਿਰਾਂ, ਜਾਪਦੀਆਂ ਸਨ, ਆਪਣੀ ਆਪਣੀ ਥਾਂ ਸੜੀਆਂ ਸਨ। ਬਾਹਰਲਾ ਵਤੀਰਾ ਪ੍ਰਤੱਖ ਦਿਸ ਪੈਂਦਾ ਹੈ; ਅੰਦਰਲਾ ਫੋਲ ਕੇ ਵੇਖਣਾ ਪੈਂਦਾ ਹੈ।

ਚਾਰ ਚੁਫੇਰੇ ਦੁਨੀਆਂ ਜਾਗ ਰਹੀ ਸੀ। ਲੋਕੀਂ ਆਪਣ ਹੱਕਾਂ ਲਈ ਲੜ ਰਹੇ ਸਨ ਤੇ ਇਹ ਪੁਲਸ ਵਾਲੇ ਸਦਾ ਦੂਜੇ ਧੜੇ ਵਿਚ ਹੀ ਰਹੇ। ਅਠਾਰਾਂ ਅਠਾਰਾਂ ਘੰਟੇ ਇਹਨਾਂ ਕੋਲੋਂ ਕੰਮ ਲਿਆ ਜਾਂਦਾ। ਸੌ ਡੇਢ ਸੌ ਤੋਂ ਵਧ ਕਿਸੇ ਦੀ ਤਨਖਾਹ ਨਹੀਂ। ਨਾ ਰਹਿਣ ਲਈ ਘਰ, ਨਾ ਪਾਉਣ ਨੂੰ ਕਪੜੇ। ਸਾਰੀ ਦੁਨੀਆਂ ਦੇ ਮੁੰਡੇ ਕੁੜੀਆਂ ਸਕੂਲੇ ਜਾਣ ਤੇ ਇਹਨਾ ਦੇ ਬੱਚੇ ਕੈਦੀਆਂ ਦਾ ਨਿਤ ਚੀਕ ਚਿਹਾੜਾ ਸੁਣਨ। ਇਹਨਾਂ ਦੇ ਬੱਚਿਆਂ ਦੀ ਫੀਸ ਮੁਆਫ਼ ਨਹੀਂ, ਖੇਡਣ ਲਈ ਕੋਈ ਚੰਗੀ ਸੰਗਤ ਨਹੀਂ। ਹਰ ਇਕ ਨੂੰ ਅਬੇ ਤਬੇ ਕਰੋ, ਗਾਲ੍ਹਾਂ ਕਢੋ। ਨਾ ਦੂਜੇ ਨਾਲ ਕੋਈ ਵਾਸਤਾ, ਨਾ ਬਹੁਤ ਪਰ ਸਮਝੋ ਹਰ ਇਕ ਨੂੰ ਮੁਜਰਮ। ਵੱਡੇ ਅਫਸਰ ਰਿਸ਼ਵਤਾਂ ਖਾ ਖਾ ਕੇ ਮੋਟੇ ਹੁੰਦੇ ਜਾਂਦੇ। ਐਮ. ਐਲ. ਏ. ਭਾੜੇ ਦੀਆਂ ਟੈਕਸੀਆਂ 'ਤੇ ਥਾਣੇ ਆਉਂਦੇ ਤੇ ਮਨ-ਮਾਨੀਆਂ ਕਰਦੇ। ਜੇ ਕੋਈ ਉਹਨਾਂ ਦੀ ਨਾ ਮੰਨੇ, ਉਹਨਾਂ ਦੇ ਗੁੰਡੇ ਮੁੰਡਿਆਂ ਨੂੰ ਨਾ ਛੱਡੇ ਤੇ ਭਲੇਮਾਨਸ ਬੰਦਿਆਂ ਦੀ ਪੱਤ ਨਾ ਲਾਹੇ ਤਾਂ ਉਹਦੀ ਬੇਇੱਜ਼ਤੀ ਵੱਖਰੀ ਤੇ ਰਾਹ ਜਾਂਦਿਆਂ ਬਦਲੀ। ਬੱਚਿਆਂ ਦੀ ਪੜ੍ਹਾਈ ਵੀ ਗਈ ਤੇ ਘਰ ਉਂਜ ਉਜੜ ਗਿਆ। ਤੇ ਲੋਕੀਂ ਇਹੋ ਈ ਕਹੀ ਜਾਣ, ਭਈ ਇਹ ਪੁਲਸ ਵਾਲੇ ਬੜੇ ਜ਼ਾਲਮ ਹਨ, ਰਿਸ਼ਵਤ ਖੋਰ ਹਨ, ਨਹੱਕ ਬੰਦਿਆਂ ਨੂੰ, ਵਿਦਿਆਰਥੀਆਂ ਨੂੰ ਕੋਹ ਕੋਹ ਮਾਰਦੇ ਹਨ।

ਆਖਿਰ ਪੁਲਸ ਵਾਲਿਆਂ ਸੋਚਿਆ, ਭਈ ਇਹ ਸਭ ਕੁਝ ਕਿਉਂ? ਅਸੀਂ ਅਫਸਰਾਂ ਦੀ, ਹਾਕਮਾਂ ਦੀ, ਵਜ਼ੀਰਾਂ ਦੀ ਵਗਾਰ ਕਿਉਂ ਕਰੀਏ? ਵਿਚਾਰੇ ਮਾਸੂਮ ਵਿਦਿਆਰਥੀਆਂ ਨੂੰ ਕਿਉਂ ਮਾਰੀਏ? ਉਹ ਤੇ ਸਾਡੇ ਲਈ ਲੜਦੇ ਹਨ ਅਸੀਂ ਗਰੀਬ ਲੋਕ ਹਾਂ, ਸਾਡੀ ਬੁਰੀ ਹਾਲਤ ਹੈ, ਸਾਡੇ ਬੱਚੇ ਭੁੱਖੇ ਮਰਦੇ ਹਨ ਤੇ ਅਸੀਂ ਜਾਗੀਰਦਾਰਾਂ ਦੇ ਕਹਿਣ 'ਤੇ ਇਹਨਾਂ ਵਿਦਿਆਰਥੀਆਂ ਨੂੰ ਕੁਟਣ ਲਗ ਜਾਂਦੇ ਹਾਂ। ਮਜ਼ਦੂਰਾਂ ਦੇ ਜਲੂਸਾਂ 'ਤੇ ਲਾਠੀ-ਚਾਰਜ ਕਰਦੇ ਹਾਂ। ਆਖਿਰ ਕਿਉਂ?

ਇਹ ਤੇ ਸਾਡੇ ਲਈ ਲੜ ਰਹੇ ਹਨ। ਸਾਨੂੰ ਇਹਨਾਂ ਦੇ ਨਾਲ ਹੋਣਾ ਚਾਹੀਦਾ ਹੈ, ਇਹਨਾਂ ਦੇ ਵਿਰੁੱਧ ਨਹੀਂ। ਅਸੀਂ ਵੀ ਮਨੁਖ ਹਾਂ ਤੇ ਸਾਡੀ ਵੀ ਜ਼ਮੀਰ ਹੈ। ਅਸੀਂ ਕਿਉਂ ਪਾਪ ਕਮਾਈਏ ? ਅਸੀਂ ਕਿਉਂ ਜ਼ੁਲਮ ਦੀ ਹਾਮੀ ਭਰੀਏ ? ਅਸੀਂ ਆਪਣੇ ਹੱਕਾਂ ਲਈ ਕਿਉਂ ਨਾ ਲੜੀਏ ?

ਦੇਸ਼ ਵਿਚ ਬੇਰੋਜ਼ਗਾਰੀ ਵਧਦੀ ਗਈ। ਹੌਲੀ ਹੌਲੀ ਕਈ ਚੰਗੇ ਪੜ੍ਹੇ ਲਿਖੇ ਨੌਜਵਾਨ ਪੁਲਸ ਵਿਚ ਭਰਤੀ ਹੋ ਗਏ। ਉਹਨਾਂ ਦਾ ਜੀਅ ਨਹੀਂ ਸੀ ਕਰਦਾ, ਭਈ ਅਸੀਂ ਢੱਗੇ ਦੇ ਢੱਗੇ ਰਹੀਏ। ਸਾਹਬ ਦੀਆਂ ਗਾਲ੍ਹਾਂ ਸਹਿਈਏ ਤੇ ਨਾਲੇ ਉਸ ਦੀਆਂ ਜੁੱਤੀਆਂ ਸਾਫ ਕਰੀਏ। ਜਿਸ ਕੰਮ ਲਈ ਨੌਕਰੀ ਕਰਦੇ ਹਾਂ, ਉਹੋ ਹੀ ਕਰਨਾ ਚਾਹੀਦਾ ਹੈ। ਡਿਊਟੀ ਦਾ ਕੋਈ ਟਾਈਮ ਹੋਣਾ ਚਾਹੀਦਾ ਹੈ ਤੇ ਨੌਕਰੀ ਦੇ ਕੋਈ ਕਾਨੂੰਨ। ਸਾਨੂੰ ਭਰਤੀ ਤੇ ਕੀਤਾ ਹੈ ਦੇਸ਼ ਵਿਚ ਕਾਨੂੰਨ ਦੀ ਰਾਖੀ ਲਈ ਤੇ ਸਾਥੋਂ ਕੰਮ ਲਿਆ ਜਾਂਦਾ ਹੈ ਕਾਨੂੰਨ ਤੋੜਨ ਦਾ। ਇਹ ਗੱਲ ਹੌਲੀ ਹੌਲੀ ਦਿਲ ਨੂੰ ਟੁੰਬਣ ਲਗ ਪਈ। ਜਿਨ੍ਹਾਂ ਨੂੰ ਡੰਗਰ ਸਮਝਿਆ ਜਾਂਦਾ ਸੀ, ਬੇਰਹਿਮ ਸਮਝਿਆ ਜਾਂਦਾ ਸੀ, ਉਹ ਸੋਚਣ ਲਗ ਪਏ, ਆਪਣੀ ਮਨੁਖੀ ਸਥਿਤੀ 'ਤੇ ਵਿਚਾਰ ਕਰਨ ਲਗ ਪਏ ਤੇ ਜਦੋਂ ਬੰਦਾ ਸੋਚਣ ਲਗ ਪਏ, ਜੀਵਨ-ਪ੍ਰਬੰਧ ਦਾ ਅੰਦਾਜ਼ਾ ਲਾਉਣ ਲਗ ਪਏ, ਸਿਆਸਤ ਦੇ ਪੈਂਤੜੇ ਦੀ ਨੁਹਾਰ ਵੇਖਣ ਲਗ ਪਏ, ਉਸ ਨੂੰ ਕੋਈ ਨਹੀਂ ਰੋਕ ਸਕਦਾ। ਉਸ ਨੂੰ ਸਾਥੀ ਵੀ ਮਿਲ ਜਾਂਦੇ ਹਨ। ਉਸ ਦੀ ਹਾਮੀ ਭਰਨ ਲਈ ਦੁਨੀਆਂ ਨਾਲ ਹੋ ਜਾਂਦੀ ਹੈ।

ਸੱਤ ਮਈ ਨੂੰ ਪਟਿਆਲੇ ਸ਼ਹਿਰ ਵਿਖੇ ਇਸ ਸੋਚ ਦੇ ਪਹਿਲੇ ਨਾਹਰੇ ਲਗੇ। ਦੋ ਸੌ ਪੁਲਸ ਕਰਮਚਾਰੀ ਵਰਦੀਆਂ ਸਮੇਤ ਆਪਣੇ ਹੱਕਾਂ ਲਈ ਨਾਹਰੇ ਮਾਰਨ ਲਗੇ। ਮਨੁਖ ਦੀ ਆਜ਼ਾਦੀ ਦੀ ਸ਼ਮ੍ਹਾਂ ਉੱਚੀ ਹੋਈ। ਆਈ. ਜੀ. ਪੁਲਸ ਵਲੋਂ ਇਸ ਲਾਂਬੂ ਨੂੰ ਰੋਕਣ ਦੇ ਯਤਨ ਕੀਤੇ ਗਏ। ਹਕੂਮਤ ਨੇ ਵੀ ਭੱਜ ਨੱਠ ਕੀਤੀ। ਜਾਗੀਰਦਾਰੀਆਂ ਹਿੱਲਣ ਲਗੀਆਂ। ਵਜ਼ੀਰਾਂ ਦੀਆਂ ਕੁਰਸੀਆਂ ਡੋਲ ਗਈਆਂ। ਜ਼ਾਲਮ ਨਿਜ਼ਾਮ ਨੂੰ ਖ਼ਤਰਾ ਪੈ ਗਿਆ। ਭਈ ਹੁਣ ਕੀ ਬਣੂ ? ਜਿਨ੍ਹਾਂ ਦੇ ਆਸਰੇ ਇਹ ਕੁਕਰਮ ਦੀ ਚਾਦਰ ਤਾਣੀ ਹੋਈ ਸੀ, ਉਹੋ ਹੀ ਸਾਥ ਛੱਡ ਗਏ। ਉਹ ਹੀ ਆਪ ਆਜ਼ਾਦ ਹੋ ਗਏ। ਪਹਿਲੋਂ ਤੇ ਇਹ ਸੋਚਿਆ, ਭਈ ਇਹ ਐਵੇਂ ਨਿੱਕੀ ਜਿਹੀ ਘਟਨਾ ਹੈ, ਦੋਂਹ ਚੋਂਹ ਸਿਰ-ਫਿਰਿਆਂ ਖੱਬੇ ਧੜੇ ਵਾਲਿਆਂ ਦਾ ਕੰਮ ਹੈ, ਜਲਦੀ ਹੀ ਦਬਾਅ ਦਿੱਤੀ ਜਾਵੇਗੀ। ਪਰ ਇਹ ਕੋਈ ਜਾਗੋਮੀਟੀ ਦੀ ਹਾਲਤ ਵਿਚ ਅਰਨਚੇਤ ਮਾਰੇ ਨਾਹਰੇ ਨਹੀਂ ਸਨ। ਦੋਂਹ ਦਿਨਾਂ ਵਿਚ ਸਾਰੇ ਪੰਜਾਬ ਦੀ ਪੁਲਸ ਨੇ ਇਹਨਾਂ ਨਾਹਰਿਆਂ ਨੂੰ ਹੋਰ ਬੁਲੰਦ ਕਰ ਦਿੱਤਾ। ਸੋਚਣ ਵਾਲਿਆਂ ਦੀ ਗਿਣਤੀ ਦੋ ਸੌ ਤੋਂ ਵਧ ਕੇ ਦੋ ਹਜ਼ਾਰ ਹੋ ਗਈ। ਸੱਚੀਂ ਮੁੱਚੀਂ ਹੀ ਅਣਹੋਣੀ ਹੋ ਗਈ ਸੀ। ਅਜਿਹੀ ਅਣਹੋਣੀ ਨੂੰ ਹੀ ਇਨਕਲਾਬ ਕਿਹਾ ਜਾਂਦਾ ਹੈ।

ਜਿਸ ਤਰ੍ਹਾਂ ਹੋਰ "ਝਗੜੇ" ਖ਼ਤਮ ਹੁੰਦੇ, ਇਹ ਅੰਦੋਲਣ ਵੀ (ਸ਼ਾਇਦ) ਖ਼ਤਮ ਹੋ ਜਾਵੇਗਾ। ਕਈ (ਸਿਪਾਹੀ) ਮੁਅੱਤਲ ਹੋ ਜਾਣਗੇ, ਕਈ ਡਰਦੇ ਮਾਰੇ ਨਾਲ ਰਲ ਜਾਣਗੇ। ਕੁਝ ਮੰਗਾਂ ਮੰਨੀਆਂ ਜਾਣਗੀਆਂ ਤੇ ਸਰਕਾਰ ਸੁਖ ਦਾ ਸਾਹ ਲਏਗੀ ਕਿ ਚਲੋ ਗੱਲ ਮੁਕੀ। ਨਾਬਰੀ ਦਬਾਅ ਦਿੱਤੀ ਗਈ। ਖਰੂਦ ਕਰਨ ਵਾਲਿਆਂ ਨੂੰ ਸਜ਼ਾ ਦਿਤੀ ਗਈ। ਅਗੇ ਤੋਂ ਹਰ ਸਿਪਾਹੀ ਦੀ ਸਿਆਸੀ ਰੁੱਚੀ ਦਾ ਧਿਆਨ ਰਖਿਆ ਜਾਵੇਗਾ। ਇਸ ਕੰਮ ਲਈ ਵੀ ਕਈਆਂ ਨੂੰ ਰੋਜ਼ਗਾਰ ਮਿਲ ਜਾਵੇਗਾ। ਕਈਆਂ ਨੇ ਇਸ ਇਨਕਲਾਬ ਵਿਚੋਂ ਵੀ ਹੱਥ ਰੰਗਣੇ ਹਨ। ਪਰ ਕੀ ਇਨਕਲਾਬ ਖ਼ਤਮ ਕੀਤਾ ਜਾ ਸਕਦਾ ਹੈ ? ਕੀ ਇਸ ਅਤੇ ਅਜਿਹੀਆਂ ਚੇਤਨਾਵਾਂ ਨੂੰ ਮਲੀਆਮੇਟ ਕੀਤਾ ਜਾ ਸਕਦਾ ਹੈ ? ਕੀ ਇਹਨਾਂ ਪੁਲੀਸ ਕਰਮਚਾਰੀਆਂ ਦੇ ਦਿਮਾਗ਼ਾਂ ਨੂੰ ਅਗਾਂਹ ਲਈ ਜੰਦਰੇ ਲਾਏ ਜਾ ਸਕਦੇ ਹਨ ? ਜਿਹੜੇ ਲੋਕ ਇਕ ਵਾਰੀ ਆਪਣੇ ਹੱਕਾਂ ਲਈ ਲੜ ਲੈਣ, ਇਸ ਦੁਨੀਆਂ ਵਿਚ ਆਪਣੀ ਯੋਗ ਥਾਂ ਬਾਰੇ ਸੋਚਣ ਲਗ ਪੈਣ, ਉਹਨਾਂ ਦੀ ਸੋਚ ਨੂੰ ਕਦੀ ਵੀ ਪਕੇ ਜਿੰਦਰੇ ਨਹੀਂ ਮਾਰੇ ਜਾ ਸਕਦੇ। ਜਿਨ੍ਹਾਂ ਦੇ ਆਸਰੇ ਸਾਰੇ ਕੁਕਰਮ ਕਰਵਾਏ ਜਾਂਦੇ ਹਨ, ਜਿਨ੍ਹਾਂ ਕੋਲੋਂ ਸਾਰੇ ਕਾਨੂੰਨ ਤੁੜਵਾਏ ਜਾਂਦੇ ਹਨ, ਜਿਨ੍ਹਾਂ ਨੂੰ ਕੇਵਲ ਭਾੜੇ ਦੇ ਟੱਟੂ ਸਮਝਿਆ ਜਾਂਦਾ ਹੈ, ਜਦੋਂ ਉਹ ਲੋਕ ਵੀ ਆਪਣੇ ਹੱਕਾਂ ਲਈ ਲੜਣ ਵਾਲਿਆਂ ਦੀ ਸੁਰ ਵਿਚ ਸੁਰ ਮਿਲਾ ਕੇ ਬੋਲਣ, ਉਹਨਾਂ ਦੇ ਨਾਹਰਿਆਂ ਵਿਚ ਆਪਣਾ ਨਾਹਰਾ ਜੋੜਣ, ਅਸੀਂ ਸਮਝਦੇ ਹਾਂ, ਸਹੀ ਇਨਕਲਾਬ ਦੀਆਂ ਨੀਹਾਂ ਰਖੀਆ ਗਈਆਂ। ਅਗੋ ਤੋਂ ਜਦੋਂ ਵੀ ਕੋਈ ਲਹਿਰ ਤੁਰੀ, ਕੋਈ ਆਵਾਜ਼ ਉਠੀ, ਪੰਜਾਬ ਪੁਲਸ ਉਸ ਦੇ ਨਾਲ ਹੋਵੇਗੀ। ਉਹਨਾਂ ਨੇ ਲੋਕਾਂ ਦਾ ਵਿਸ਼ਵਾਸ ਜਿੱਤ ਲਿਆ ਹੈ। ਆਪਣੀ ਇੱਜ਼ਤ ਵਧਾ ਲਈ ਹੈ। ਉਹ ਲੋਕ ਚੇਤਨਤਾ ਦੇ ਹਾਣੀ ਹੋ ਗਏ ਹਨ। ਉਹਨਾਂ ਨੇ ਵੀਹਵੀਂ ਸਦੀ ਦੀ ਸਭ ਤੋਂ ਵੱਡੀ ਦੇਣ — ਮਨੁਖੀ ਆਜ਼ਾਦੀ ਦੀ ਜਗਦੀ ਜੋਤ — ਵਿਚ ਆਪਣਾ ਹਿੱਸਾ ਪਾ ਦਿਤਾ ਹੈ। ਇਹ ਤਾਂ "ਹਮ ਘਰ ਸਾਜਨ ਆਏ" ਵਾਲੀ ਗੱਲ ਹੈ। ਲਿਖਿਆ ਬੇਦਾਵਾ ਪੜਵਾਉਣ ਵਾਲੀ ਗੱਲ ਹੈ। ਇਹ ਛੋਟੀ ਨਹੀਂ, ਬੜੀ ਵੱਡੀ ਗੱਲ ਹੈ।

(ਧੰਨਵਾਦ ਸਹਿਤ- ਲੋਅ ਵਿਚੋਂ)

## ਤਿੰਨ ਗ਼ਜ਼ਲਾਂ

- ਕੁਲਵੰਤ ਜਗਰਾਓਂ

ਭਾਵੇ ਭੁਖਾਂ ਮਾਰੇ ਲੋਕ।
ਫਿਰ ਵੀ ਕਦੀ ਨਾ ਹਾਰੇ ਲੋਕ।
ਤੁਰਦੇ ਜਾਂਦੇ ਮੰਜ਼ਿਲ ਨੂੰ
ਜਾਪਣ ਚੰਨ ਸਿਤਾਰੇ ਲੋਕ।
ਗੜ ਦੈਂਤਾਂ ਦੇ ਫੂਕਣ ਲਈ
ਬਣ ਜਾਂਦੇ ਅੰਗਿਆਰੇ ਲੋਕ
ਹੱਕਾਂ ਦੇ ਲਈ ਜੂਝ ਰਹੇ
ਲਗਦੇ ਬੜੇ ਪਿਆਰੇ ਲੋਕ।
ਪਾਸਾ ਤਦੋਂ ਪਲਟਦਾ ਹੈ
ਸਮਝਣ ਜਦੋਂ ਇਸ਼ਾਰੇ ਲੋਕ।
ਬਾਤ ਅਧੂਰੀ ਰਹਿੰਦੀ ਨਾ
ਭਰਦੇ ਜਦੋਂ ਹੁੰਗਾਰੇ ਲੋਕ।
ਮਾਲਕ ਤਖਤਾਂ ਤਾਜਾਂ ਦੇ
ਜਦ ਵੀ ਉੱਠਣ ਸਾਰੇ ਲੋਕ।

2

ਤੁਰਦੇ ਜਾਂਦੇ ਹਾਂ ਖਾਰਾਂ ਤੇ।
ਹਸਦੇ ਹਾਂ ਬਹਿ ਅੰਗਿਆਰਾਂ ਤੇ।
ਨਾ ਜਿਤਾਂ ਦੀ ਮਗ਼ਰੂਰੀ ਹੈ,
ਨਾ ਦਿਲ ਛਡਦੇ ਹਾਂ ਹਾਰਾਂ ਤੇ।
ਕੀ ਮਿਲਿਆ ਹੈ ਇਕਰਾਰਾਂ ਚੋਂ,
ਜੋ ਗ਼ਮ ਕਰੀਏ ਇਨਕਾਰਾਂ ਤੇ।
ਪੈਦਲ ਹਾਂ ਹਿੰਮਤ ਸਾਡੀ ਪਰ,
ਭਾਰੂ ਹੈ ਸ਼ਾਹ ਅਸਵਾਰਾਂ ਤੇ।
ਜੀਵਾਂਗੇ ਆਪਣੀ ਸ਼ਕਤੀ ਤੇ,
ਜੀਣਾ ਨਹੀਂ ਪਰਉਪਕਾਰਾਂ ਤੇ।
ਪਤਝੜ ਦੀ ਰੁਤ ਨੂੰ ਬਦਲਾਂਗੇ,
ਸਾਡੀ ਹੈ ਨਜ਼ਰ ਬਹਾਰਾਂ ਤੇ।

3

ਜਿਸ ਨੇ ਪੌਣਾਂ ਦਾ ਰਾਹ ਰੋਕਿਆ ਦੋਸਤੋ।
ਟਿੱਬਾ ਉਹ ਰੇਤ ਦਾ ਉਡ ਗਿਆ ਦੋਸਤੋ।
ਇਹ ਜੋ ਲਗਦੀ ਹੈ ਬਲਦੀ ਹਵਾ ਦੋਸਤੋ।
ਕੀ ਕਰੇਗੀ ਕੀ ਇਸਦਾ ਪਤਾ ਦੋਸਤੋ।
ਜੇ ਖਲੋਣਾ ਹੈ ਪੈਰਾਂ ਤੇ ਆਪਣੇ ਖੜੋ,
ਮੰਗੋ ਗ਼ੈਰਾਂ ਤੋਂ ਨਾ ਆਸਰਾ ਦੋਸਤੋ।
ਉਹ ਜਾਂ ਨਿਤਰੇ ਤਾਂ ਸਨ ਕੁਝ ਕੁ ਹੀ ਸੂਰਮੇਂ,
ਜਦ ਤੁਰੇ ਬਣ ਗਏ ਕਾਫ਼ਿਲਾ ਦੋਸਤੋ।
ਚੜ੍ਹ ਕੇ ਨ੍ਹੇਰੇ ਦੀ ਸੂਲੀ ਜੋ ਹਸਦੀ ਰਹੀ,
ਉਹ ਸੀ ਚਾਨਣ ਦੀ ਪਹਿਲੀ ਸ਼ੁਆ ਦੋਸਤੋ।
ਉਹ ਬੁਝਾਉਂਦੇ ਰਹੇ ਅਸੀ ਜਗਦੇ ਰਹੇ,
ਬੰਦ ਹੋਇਆ ਨਾ ਇਹ ਸਿਲਸਲਾ ਦੋਸਤੋ।
ਭੀੜਾਂ ਭੁਖੀਆਂ ਤੇ ਚਲਣ ਜਦੋਂ ਗੋਲੀਆਂ,
ਯਾਦ ਆਉਂਦੇ ਤਦੋਂ ਕਰਬਲਾ ਦੋਸਤੋ।
ਸ਼ਹਿ ਤਾਂ ਲਾ ਕੇ ਨੇ ਬੈਠੇ ਸ਼ਿਕਾਰੀ ਨਵੇਂ,
ਸਿਰ ਤੇ ਓਵੇਂ ਹੈ ਹਰ ਇਕ ਬਲਾ ਦੋਸਤੋ।

# ਬਰਾਦਰੀ

ਰਘੁਬੀਰ ਢੰਡ

ਭਾਨੂੰ ਨੇ ਆਪਣੇ ਘਰ ਦੇ ਸਭ ਤੋਂ ਵਧੀਆ ਦੁਪੱਟੇ ਦੀ ਬੁੱਕਲ ਮਾਰੀ ਤੇ ਦਰੋਂ ਬਾਹਰ ਹੋ ਗਿਆ। ਦਸ ਕੁ ਕਰਮਾਂ ਤੁਰ ਉਹਨੇ ਐਵੇਂ ਹੀ ਪਿਛਾਂਹ ਨਜ਼ਰ ਭੁਆ ਪਹਿਲਾਂ ਆਪਣੇ ਘਰ ਤੇ ਫਿਰ ਸਾਰੇ ਚੁਮਾਰਾਂ ਵਿਹੜੇ ਵਲ ਤੱਕਿਆ। ਮੁਰਗਿਆਂ ਦੇ ਖੁੱਡਿਆਂ ਵਰਗੇ ਕੱਚੇ ਘਰਾਂ ਅਤੇ ਛੱਪਰਾਂ ਤੋਂ ਬਿਨਾਂ ਉਹਨੂੰ ਕੁਝ ਨਜ਼ਰ ਨਾ ਆਇਆ — ਰਾਤ 'ਚ ਲਿਪਟੇ ਹੋਏ ਧੁੰਦਲੇ ਧੁੰਦਲੇ ਘਰ ਤੇ ਛੱਪਰ ; ਜੀਹਨਾ ਵਿਚ ਲੋਕ ਜਿਵੇਂ ਜ਼ਿੰਦਗੀ ਨਹੀ ; ਵਕਤ ਕੱਟ ਰਹੇ ਹੋਣ

ਭਾਨੂੰ ਦੇ ਵੇਖਦਿਆਂ ਵੇਖਦਿਆਂ ਰਾਜ-ਭਾਗ ਬਦਲ ਗਏ ਸਨ ; ਪਰ ਇਨ੍ਹਾਂ ਘਰਾਂ ਲਈ ਨਾ ਰਾਜ ਬਦਲਿਆ ਸੀ ਨਾ ਭਾਗ !

ਫਿਰ ਉਹਨੇ ਪਿੰਡ ਵਲੋਂ ਨਜ਼ਰ ਮੋੜ ਅਸਮਾਨ ਵਲ ਤੱਕਿਆ। ਕਾਲੇ ਅਸਮਾਨ ਉਤੇ ਤਾਰਿਆਂ ਦਾ ਜਲੌ ਅੱਖਾਂ ਚੁੰਧਿਆ ਰਿਹਾ ਸੀ, ਜਿਵੇਂ ਪਹਿਰ ਦੇ ਤੜਕੇ ਕੁੜੀਆਂ ਨੇ ਕਾਲੀ ਨਦੀ ਦੀ ਹਿੱਕ ਤੇ ਸਾਂਝੀਆਂ ਤਾਰ ਦਿਤੀਆਂ ਹੋਣ। ਖਿੱਤੀਆਂ ਹਾਲੀਂ ਕਾਫ਼ੀ ਉੱਚੀਆਂ ਸਨ। — ਰਾਤ ਤਾਂ ਬਈ ਅਜੇ ਖ਼ਾਸੀ ਐ ! — ਉਹਨੇ ਜਿਵੇਂ ਆਪਣੇ ਆਪ ਨੂੰ ਆਖਿਆ — ਠੀਕ ਐ ਸਗੋਂ ਪੂਰੇ ਨੂੰ ਘਰ ਹੀ ਜਾ ਲਵਾਂਗਾ। ਅਫ਼ਸਰ ਦਾ ਕੀ ਪਤਾ ਕਿਤੇ ਦੌਰੇ ਤੇ ਨਿਕਲ ਜਾਵੇ ਤੇ ਕਿੰਨੇ ਦਿਨ ਨਾ ਮੁੜੇ ?

ਉਹ ਜ਼ਰਾ ਤਿੱਖੀ ਚਾਲ ਕੁੱਪ ਪਿੰਡ ਨੂੰ ਜਾਂਦੇ ਰਾਹ ਤੇ ਹੋ ਤੁਰਿਆ।

ਹਾਲੀਂ ਉਹਨੇ ਕੁਝ ਕਦਮ ਹੀ ਪੁੱਟੇ ਸਨ ਕਿ ਉਹਨੂੰ ਆਪਣੇ ਖੱਬੇ ਪਾਸਿਉਂ ਹੋਸ਼ ਗੁਆ ਦੇਣ ਵਾਲਾ ਮੁਸ਼ਕ ਆਇਆ। ਖੱਬੇ ਪਾਸੇ ਉਨ੍ਹਾਂ ਦੇ ਘਰਾਂ ਨਾਲੋਂ ਵੀ ਉੱਚੀਆਂ, ਉੱਚੀਆਂ ਜ਼ਾਤਾਂ ਵਾਲਿਆਂ ਦੀਆਂ ਰੂੜੀਆਂ ਸਨ, ਜੀਹਨਾਂ 'ਚ ਦੱਬਿਆ ਕੋਈ ਮੱਟ ਪਾਟਣ ਤੇ ਆਇਆ ਹੋਇਆ ਸੀ। ਇਹ ਰੂੜੀਆਂ, ਇਹ ਗੰਦ ਉੱਚੀਆਂ ਜ਼ਾਤਾਂ ਵਾਲਿਆਂ ਨੇ ਉਨ੍ਹਾਂ ਦੇ ਵਿਹੜੇ ਕਿਉਂ ਲਾਇਆ ਹੋਇਆ ਸੀ ? ਭਾਨੂੰ ਨੇ ਕਦੀ ਇਸ ਬਾਰੇ ਮਗ਼ਜ਼ ਖਪਾਈ ਨਹੀਂ ਸੀ ਕੀਤੀ। ਉਹਨੂੰ ਤਾਂ ਸਿਰਫ਼ ਇੰਨਾ ਪਤਾ ਸੀ ਕਿ ਉਹ ਰੂੜੀਆਂ ਉਥੇ ਹੀ ਸਨ -- ਉਹਦੇ ਵੇਲੇ, ਉਹਦੇ ਪਿਓ ਦੇ ਵੇਲੇ, ਤੇ ਉਹਦੇ ਪਿਓ ਦੇ ਪਿਓ ਦੇ ਵੇਲੇ ਵੀ। ਇਸੇ ਲਈ ਉਹ ਸਮਾਜ ਦੀਆਂ ਮਨਜ਼ੂਰ-ਸ਼ੁਦਾ ਕੀਮਤਾਂ ਦਾ ਅਟੁੱਟ ਅੰਗ ਬਣ ਗਈਆਂ ਸਨ। ਮਨਜ਼ੂਰ-ਸ਼ੁਦਾ ਕੀਮਤਾਂ ਨੂੰ ਸੱਤੇ-ਸੱਤ ਮੰਨ ਲੈਣਾ ਹੀ ਇਕ ਅਮਨਪਸੰਦ ਸ਼ਹਿਰੀ ਦਾ ਚਿੰਨ੍ਹ ਹੁੰਦਾ ਹੈ। ਚਮਾਰਾਂ ਨਾਲੋਂ ਵਧ ਅਮਨਪਸੰਦ ਸ਼ਹਿਰੀ ਹੋਵੇਗਾ ਵੀ ਕੌਣ, ਜਿਹੜੇ ਜੁਗਾਂ ਤੀਕ ਖਾਲਾਂ ਤੋਂ ਪਾਣੀ ਪੀਂਦੇ ਰਹੇ। ਫ਼ਸਲਾਂ ਨੂੰ ਆਪਣੇ ਲਹੂ ਪਸੀਨੇ ਨਾਲ ਪਾਲਦੇ ਰਹੇ, ਪਰ ਉਨ੍ਹਾਂ 'ਚੋਂ ਕੱਖਾਂ ਦੀ ਝੋਲੀ ਖੋਤਣ ਲਈ ਉਨ੍ਹਾਂ ਦੀਆਂ ਨੂੰਹਾਂ-ਧੀਆਂ ਆਪਣਾ ਜੋਬਨ ਅਣਚਾਹੀ ਰਜ਼ਾਮੰਦੀ ਨਾਲ ਉੱਚੀਆਂ ਜ਼ਾਤਾਂ ਵਾਲਿਆਂ ਦੇ ਹਵਾਲੇ ਕਰਦੀਆਂ ਰਹੀਆਂ।

ਇਹ ਸਭ ਕੁਝ ਕਿਉਂ ? ਪੰਜ ਕੁ ਵਰ੍ਹੇ ਪਹਿਲਾਂ ਭਾਨੂੰ ਨੇ ਆਪਣੇ ਵਿਹੜੇ ਇਸ ਬਾਰੇ ਕੁਝ ਓਪਰੀਆਂ ਓਪਰੀਆਂ ਗੱਲਾਂ ਜ਼ਰੂਰ ਸੁਣੀਆਂ ਸਨ ਜਦੋਂ ਪੂਰਾ ਬੀ. ਏ. ਪਾਸ ਕਰਕੇ ਵਿਹਲਾ ਫਿਰਨ ਲੱਗ ਪਿਆ ਸੀ। ਉਹਨੇ ਚਲਾਈਆਂ ਸਨ ਇਹ ਗੱਲਾਂ ! — ਕਦੇ ਸੋਚਿਐ, ਜੱਟ ਕਿਉਂ ਆਪਣਾ ਸਾਰਾ ਕੂੜਾ ਘੋੜੇ ਹੀ ਸਿਰਾਂ ਤੇ ਲੱਦ ਘੋੜੇ ਹੀ ਦਰਾਂ 'ਚ ਲਾਈਆ ਆਪਣੀਆਂ ਰੂੜੀਆਂ ਤੇ ਸੁੱਟ ਜਾਂਦੇ ਨੇ ? ਜਿੰਨੀ ਥਾਂ 'ਚ ਥੋੜਾ ਦੋ ਸੌ ਘਰ ਐ ਓਨੀ 'ਚ ਸਰਦਾਰ ਜਸਪਾਲ ਸਿੰਘ ਸਿਰਫ਼ ਡੰਗਰ ਬੰਨ੍ਹਦੇ — ਕਿਉਂ ? ਕਿਉਂ ਪਿੰਡ ਦੀ ਧਰਮਸਾਲਾ 'ਚ ਥੋਡੀ ਜੰਨ ਨੀ ਉੱਤਰ ਸਕਦੀ ? ਕਿਉਂ ਪਿੰਡ ਦੇ ਗੁਰਦੁਆਰੇ 'ਚ ਤੁਸੀਂ ਵੜ ਨੀ ਸਕਦੇ ?

ਲੋਕਾਂ ਨੂੰ ਪੁਰਾਣੀਆਂ ਹੋਣ ਦੇ ਬਾਵਜੂਦ ਬੜੀਆਂ ਨਵੀਆਂ ਤੇ ਅਜੀਬ ਲੱਗੀਆਂ ਸਨ ਇਹ ਗੱਲਾਂ। ਬੁੱਢਿਆਂ-ਠੇਰਿਆਂ ਨੂੰ ਇਨ੍ਹਾਂ ਗੱਲਾਂ 'ਚੋਂ ਅਮਨ-ਕਾਨੂੰਨ ਭੰਗ ਹੋਣ ਦੇ ਬੀ ਵੀ ਨਜ਼ਰ ਆਏ ਤੇ ਉਨ੍ਹਾਂ ਪੂਰੇ ਨੂੰ ਸਮਝਾਇਆ ਵੀ ਨਿੰਦਿਆ ਵੀ, ਚੁਣੌਤੀਆਂ ਵੀ ਦਿੱਤੀਆਂ। ਪਰ ਹੌਲੀ ਹੌਲੀ ਸਾਰਿਆਂ ਨੂੰ ਹੀ ਉਹਦੀਆਂ ਗੱਲਾਂ ਚੰਗੀਆਂ ਜਾਪਣ ਲੱਗ ਪਈਆਂ। ਨਵੇਂ ਉਠਦੇ ਮੁੰਡੇ ਸਰਦਾਰਾਂ ਦੀਆ ਬੇਰੀਆ ਤੋਂ ਬੇਰ ਤੋੜਨ ਲੱਗ ਪਏ — ਸੱਤਰੀਆਂ-ਪਹੱਤਰੀਆ ਧੋਣਾਂ 'ਚ ਵੀ ਕੁਝ ਅਕੜੇਵਾਂ ਆਉਣ ਲੱਗ ਪਿਆ — ਤੇ ਫਿਰ ਇਕ ਦਿਨ ਇੰਦਰ ਚਮਿਆਰੀ ਨੇ ਸੂਰਜ ਡੁੱਬਣ ਤੋਂ ਪਿਛੋਂ ਸਰਦਾਰ ਦੇ ਚੁਬਾਰੇ ਦੀਆਂ ਪੌੜੀਆਂ ਚੜ੍ਹਨੋਂ ਨਾਂਹ ਕਰ ਦਿਤੀ। ਉਸ ਰਾਤ ਸਰਦਾਰ ਜਸਪਾਲ ਸਿੰਘ ਨੂੰ ਬੜੇ ਡਰਾਉਣੇ ਸੁਪਨੇ ਆਏ ਕਿ ਇੰਦਰ ਦੇ ਜੋੜੇ ਮੁੰਡੇ ਇਕਦਮ ਜਵਾਨ ਹੋ, ਬਰਛੀਆਂ ਲੈ ਉਹਦੇ ਦੁਆਲੇ ਹੋ ਬਰਾਬਰ ਦਾ ਹਿੱਸਾ ਮੰਗਣ ਲੱਗੇ...ਉਸੇ ਦਿਨ ਤੋਂ ਸਰਦਾਰ ਪੰਡਤਾਂ ਨੂੰ ਹੱਥ ਵਿਖਾਉਣ ਲੱਗ ਪਿਆ...ਫਿਰ ਪਤਾ ਨਹੀਂ ਕੀ ਘਾਲਾ-ਮਾਲਾ ਕੀਤਾ ਕਿ ਇਕ ਦਿਨ ਪੂਰਾ ਸਰਦਾਰ ਦੀ ਜੀਪ ਵਿਚ ਉਹਦੇ ਬਰਾਬਰ ਬੈਠ ਚੰਡੀਗੜ੍ਹ ਚਲਿਆ ਗਿਆ ਤੇ ਅਫ਼ਸਰ ਬਣ ਗਿਆ — ਕਿੰਨਾ ਹੀ ਚਿਰ ਪਿੰਡ ਨਾ ਆਇਆ।

ਦੋ ਕੁ ਸਾਲ ਹੋਏ ਪਿੰਡ ਆਇਆ ਸੀ। ਕੀ ਠਾਠ ਸੀ ਪੂਰੇ ਦਾ ! ਸੂਟ-ਬੂਟ ਪਾਈ ਪਛਾਣਿਆ ਕਿਹੜਾ ਜਾਂਦਾ ਸੀ ? ਨਾਲ ਸਰਦਾਰ ਜਸਪਾਲ ਸਿੰਘ ਤੇ ਨਾਲ ਹੀ ਰਿਆਸਤ ਦੀ ਰਾਣੀ। ਪੂਰੇ ਦੀ ਉਹੀ ਹਲੀਮੀ, ਉਹੀ ਹੰਸੂ ਹੰਸੂ ਕਰਦਾ ਮੂੰਹ ! ਕਿਹੜੀ ਬੁੱਢੀ ਤੇ ਬੁੱਢਾ ਸੀ ਜੀਹਦੇ ਉਹਨੇ ਪੈਰੀਂ ਹੱਥ ਨਹੀਂ ਸੀ ਲਾਇਆ ? ਕਿਹੜਾ ਬੱਚਾ ਸੀ ਜਿਹੜਾ ਉਹਨੇ ਨਹੀਂ ਸੀ ਚੁਕਿਆ ? ਬਥੇਰਾ ਤੀਵੀਆਂ ਨੇ ਆਖਿਆ — ਪੂਰਿਆ ਭਾਈ ! ਲਿਬੜੇ ਤਿਬੜੇ ਨਿਆਣੇ ਨਾ ਚੁੱਕ, ਤੇਰੇ ਕਪੜੇ ਖ਼ਰਾਬ ਹੋ ਜਾਣਗੇ। ਪਰ ਪੂਰਾ ਕਦੋਂ ਸੁਣਦਾ ਸੀ ? ਕਿਹੜੀ ਕੁੜੀ ਸੀ ਜੀਹਦਾ ਉਹਨੇ ਸਿਰ ਨਹੀਂ ਸੀ ਪਲੋਸਿਆ। ਸੰਤੇ ਦੇ ਪੁਰਾਣੇ ਹੁੱਕੇ ਵਲ ਵੇਖ ਉਹਨੇ ਦਸਾਂ ਦਸਾਂ ਦੇ ਦੋ ਨੋਟ ਫੜਾਏ — ਤਾਇਆ ! ਕਲ੍ਹ ਨੂੰ ਨਵਾਂ ਹੁੱਕਾ ਆਵੇ... ਬੱਸ ਉਦੋਂ ਤਾਂ ਕਮਾਲ ਹੀ ਹੋ ਗਈ ਜਦੋਂ ਰਾਣੀ ਨੇ ਪੂਰੇ ਦੇ ਪਿਓ ਪਾਲੇ ਦੇ ਪੈਰੀਂ ਹੱਥ ਲਾ ਡਾਢੀ ਹਲੀਮੀ ਨਾਲ ਆਖਿਆ — 'ਮੈਂ ਆਪ ਕੀ ਬੜੀ ਦੂਹੀ ਹੂੰ ਬਾਪੂ ਜੀ !'...ਤੇ ਪਾਲਾ ਨੱਚ ਉਠਿਆ। ਉਹਦੇ ਪੈਰਾਂ 'ਚ ਕਹਿਰਾਂ ਦੀ ਰਵਾਨੀ ਆ ਗਈ। ਚੋਣਾਂ ਦੇ ਦਿਨਾਂ 'ਚ ਰਾਣੀ ਦੇ ਕੂਲੇ ਹੱਥਾਂ ਦੀ ਝਰਨਾਟ ਪਾਲੇ ਨੂੰ ਬੋਤਲ ਜਿੰਨਾ ਨਸ਼ਾ ਚੜ੍ਹਾਉਂਦੀ ਰਹੀ — ਅਤੇ ਬੇਅੰਤ ਪਾਲਿਆਂ ਦੀ ਰਵਾਨੀ ਸਦਕਾ ਰਾਣੀ ਪੰਦਰਾਂ ਹਜ਼ਾਰ ਵੋਟ ਤੇ ਜਿੱਤ ਗਈ।

ਚਲੋ ਮੇਰੇ ਭਾਈ ਦੁਨੀਆਂ ਮੁੜ ਰੰਗਾਂ 'ਚ ਵਸਣ ਲੱਗ ਪਈ। ਰਾਣੀ ਆਪਣੇ ਸ਼ਹਿਰ ਅਤੇ ਚੰਡੀਗੜ੍ਹ ਦੇ ਬੰਗਲਿਆਂ 'ਚ ਜਾ ਵੜੀ। ਸਰਦਾਰ ਜਸਪਾਲ ਸਿੰਘ ਮੁੜ ਚਮਾਰਾਂ ਨੂੰ ਤੂੜੀ ਤੇ ਕਣਕ ਦੇਣ ਲੱਗ ਪਿਆ ; ਪੂਰੇ ਦੀ ਤਰੱਕੀ ਹੋ ਗਈ ਤੇ ਉਹ ਪਾਲੇ ਤੇ ਧੰਨ ਨੂੰ ਆਪਣੇ ਕੋਲ ਲੈ ਗਿਆ — ਨਗਰੀ ਉਸੇ ਤਰ੍ਹਾਂ ਅਮਨ-ਚੈਨ ਨਾਲ ਵੱਸਣ ਲੱਗ ਪਈ ...

ਭਾਨੂੰ ਭਾਵੇਂ ਕੁੜੀਆਂ ਪਿੱਛੇ ਛੱਡ ਆਇਆ ਸੀ, ਪਰ ਮੱਟ 'ਚ ਤਿਆਰ ਹੋਈ ਪਹਿਲੇ ਤੋੜ ਦੀ ਸ਼ਰਾਬ ਦੀ ਹਵਾੜ੍ਹ ਹਾਲੀਂ ਵੀ ਉਹਦੇ ਸਿਰ ਨੂੰ ਚੜ੍ਹਦੀ ਜਾ ਰਹੀ ਸੀ। ਉਹਨੂੰ ਨਸ਼ੇ ਦੇ ਹੁਲਾਰੇ ਦੀ ਥਾਂ ਡਰ ਲਗਿਆ — ਜੱਟਾਂ ਦੇ ਮੁੰਡਿਆਂ ਨੇ ਪੀ ਕੇ ਸਾਡੇ ਵਿਹੜੇ ਈ ਪਿੜਾਉਣੀ ਐ... ਜੇ ਮੱਟ ਫੜੇ ਗਏ ਤਾਂ ਚਮਾਰਾਂ ਦੇ ਸਿਰ ਲਗਣਗੇ ਤੇ ਮੰਡੀ ਵਾਲੇ ਠਾਣੇਦਾਰ ਨੇ ਸਾਰੇ ਵਿਹੜੇ ਨੂੰ ਲੰਮਿਆਂ ਪਾ ਲੈਣੈ — ਉਹ ਤਾਂ ਬੁੱਚੜ ਐ ਭੈਣ ਦੇਣੇ ਦਾ — ਨਿਰਾ ਕਸਾਈ !

ਅਚਾਨਕ ਘੱਟ ਹੋਏ ਚਾਨਣ ਨੇ ਭਾਨੂੰ ਦੀ ਸੁਰਤੀ ਮੋੜੀ। ਉਹਨੇ ਅਸਮਾਨ ਵਲ ਤੱਕਿਆ। ਉਹੀ ਤਾਰਿਆਂ ਦੀ ਛਹਿਬਰ ਤੇ ਕਾਲਾ ਅਸਮਾਨ। ਬੱਦਲਾਂ ਦਾ ਤਾਂ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਉਹਨੇ ਆਪਣੀਆਂ ਅੱਖਾਂ ਹੋਰ ਖੋਲ੍ਹੀਆਂ। ਸੱਜੇ-ਖੱਬੇ ਲੱਕ ਲੱਕ ਆਈ ਕਾਲੀ ਘੱਟ ਕਣਕ ਨੇ ਰਾਤ ਪਾ ਦਿਤੀ ਸੀ। ਉਹਨੂੰ ਜਾਪਿਆ ਜਿਵੇਂ ਇਨ੍ਹਾਂ ਕਣਕਾਂ ਅਤੇ ਉਹਦੇ ਵਜੂਦ ਵਿਚ ਕੋਈ ਫ਼ਰਕ ਹੀ ਨਹੀਂ ਹੁੰਦਾ — ਜੁਗਾਂ-ਜੁਗਾਂਤਰਾਂ ਤੋਂ ਪੀਹੜੀ-ਦਰ-ਪੀਹੜੀ ਕਣਕਾਂ ਬੀਜਦੇ ਰਹੇ, ਸਿੰਜਦੇ ਰਹੇ, ਗੁੱਡਦੇ, ਵਢਦੇ, ਗਾਹੁੰਦੇ, ਉਡਾਉਂਦੇ ਰਹੇ, ਬੋਹਲ ਉਸਾਰਦੇ ਤੇ ਫਿਰ ਆਪਣੇ ਹੀ ਸਿਰਾਂ ਤੇ ਰੱਖ ਉੱਚੀਆਂ ਜ਼ਾਤਾਂ ਵਾਲਿਆਂ ਦੇ ਘਰੀਂ ਸੁੱਟ ਆਉਂਦੇ ਰਹੇ — ਤੇ ਆਪ ਸਿਲਾਂ ਚੁਗਦੇ ਰਹੇ, ਘਾਹ ਖੋਤਦੇ ਰਹੇ ਤੇ ਤੂੜੀ ਤੇ ਕਣਕ ਲੈ ਲੈ ਖਾਂਦੇ ਰਹੇ।

ਫਿਰ ਉਹਦੇ ਅੰਦਰ ਇਕ ਚੀਸ ਉਠੀ ਜਿਵੇਂ ਸਣ-ਡਾਂਗ ਬਰਛੀ ਉਹਦੀ ਵੱਖੀ 'ਚ ਲਹਿ ਗਈ ਹੋਵੇ — ਜਾਰੇ ਪਾਸੇ ਲਾਗਾ ਹੀ ਲਾਗਾਂ — ਉਹਦੇ ਮੁੜ੍ਹਕੇ ਨਾਲ ਅਸਮਾਨ ਤੱਕ ਉਸਰਿਆ ਸਰਦਾਰ ਜਸਪਾਲ ਸਿੰਘ ਦਾ ਲਾਂਗਾ — ਇੰਜਣ ਦਾ ਖੜਾਕ — ਭਾਨੂੰ ਰੁਗ ਲਾ ਰਿਹਾ ਤੇ ਮਸ਼ੀਨ ਲਾਗੇ ਦੇ ਆਹੂ ਲਾਹ ਲਾਹ ਸੁੱਟੀ ਰਹੀ — ਮਜਾਲ ਏ ਰੁਗ ਮੁੱਕੇ ਜਾਣੇ — ਤੇ ਫਿਰ ਇਕਦਮ ਹਾਏ ਉਏ ਰੱਬਾ ... ਮਰ ਗਿਆ ਉਏ ! ... ਲਹੂ ਲਹੂ ... ਭਾਨੂੰ ਦੀਆਂ ਦੋਵੇਂ ਬਾਹਾਂ ਖੁਰਕੀ ਖੁਰਕੀ ਹੋ ਕਣਕ ਦਾ ਹੀ ਇਕ ਭਾਗ ਹੋ ਨਿਬੜੀਆਂ...

ਪੰਜ ਦਸ ਦਿਨ ਪਿੰਡ 'ਚ ਗੱਲ ਤੁਰੀ। ਭਾਨੂੰ ਨੂੰ ਵਿਚਾਰਾ ਵਿਚਾਰਾ ਆਖਿਆ ਗਿਆ। ਮਸ਼ੀਨਾਂ ਨੂੰ ਗਾਲ੍ਹਾਂ ਕੱਢੀਆਂ ਗਈਆਂ। ਗੱਲ ਆਈ ਗਈ ਹੋ ਗਈ। ਭਾਨੂੰ ਟੁੰਡ ਲਟਕਾਉਂਦਾ ਹਸਪਤਾਲੋਂ ਆਇਆ ਤਾਂ ਟੁੰਡ ਜੋੜ ਫ਼ਤਹਿ ਬੁਲਾ ਸਰਦਾਰ ਦੀ ਹਵੇਲੀ ਜਾ ਹਾਜ਼ਰ ਹੋਇਆ। ਸਰਦਾਰ ਉਹਨੂੰ ਬੜੇ ਤਪਾਕ ਨਾਲ ਮਿਲਿਆ। ਉਹਦੇ ਮੋਢੇ ਤੇ ਹੱਥ ਧਰਿਆ। ਉਹਦੇ ਟੁੰਡਾਂ ਨੂੰ ਪਲੋਸ ਤਿੰਨ ਵਾਰ 'ਚ...ਚ...ਚ' ਕੀਤਾ, ਤੇ ਫਿਰ ਵਹੀ ਦੇ ਪਤਰੇ ਫੋਲ ਟਿਕਾ ਟਿਕਾ ਕਹਿਣ ਲਗਿਆ — "ਲੈ ਬਈ ਭਾਨੂੰ ਦੋ ਸੌ ਤੇਰੇ ਇਲਾਜ ਤੇ ਲਗਿਐ। ਸਾਰਾ ਹਿਸਾਬ ਕਿਤਾਬ ਕਰਕੇ ਤੇਰੇ ਵਲ ਪੰਜੀ ਨਿਕਲਦੇ ਨੇ — ਉਹ ਤੈਨੂੰ ਛੱਡੇ। ਤੂੰ ਵੀ ਕੀ ਯਾਦ ਕਰੇਂਗਾ ਕਿ ਸਰਦਾਰ ਜਸਪਾਲ ਸਿੰਘ ਨਾਲ ਵਾਹ ਪਿਆ ਸੀ ? ਨਾਲੇ ਕਮਲਿਆ, ਰੱਬ ਨੂੰ ਜਾਨ ਦੇਣੀ ਐ !"

ਭਾਨੂੰ ਹਵੇਲੀਉਂ ਇੰਜ ਬਾਹਰ ਆ ਗਿਆ ਜਿਵੇਂ ਨਿੰਬੂ ਦਾ ਰਸ ਨਿਚੋੜ ਛਿੱਲੜ ਗਲੀ 'ਚ ਵਗਾਹ ਮਾਰੀਦਾ ਹੈ। ਮੁੜਨ ਲਗਿਆ ਉਹਦੇ ਮਨ 'ਚ ਦੁੱਖ ਤੇ ਗੁੱਸੇ ਦੇ ਮਿਲਵੇਂ ਭਾਗ ਉੱਠੇ — ਵੇਖੋ ਯਾਰੋ ! ਮੈਂ ਸਾਰੀ ਉਮਰ ਏਹਦਾ ਸੀਰ ਕਮਾਇਆ... ਖੱਸਮ ਸਾਲੇ ਨੇ ਮਖਣੀ 'ਚੋਂ ਵਾਲ ਵਾਂਗ ਕਢ ਕੇ ਮਾਰਿਆ — ਬਿੰਦ ਨੀ ਲਾਈ। ਉਹਦੇ ਮਨ 'ਚ ਆਈ ਹੱਥ ਨਾ ਜੋੜੇ — ਕਿਉਂ ਜੋੜਾਂ ਮੈਂ ਹੱਥ ?... ਹੱਥ ਹਨ ਹੀ ਕਿਥੇ ?... ਹੱਥ ਤਾਂ ਮੈਂ ਵੱਢ ਕੇ ਦੇ ਚਲਿਆਂ ਏਹਨੂੰ... ਪਰ ਟੁੰਡ ਆਪਣੇ ਆਪ ਜੁੜ ਗਏ। ਜੁੜਣ ਲਈ ਜੁਗਾਂ ਤੋਂ ਆਦੀ ਹੋਇਆਂ ਹੱਥਾਂ ਨੂੰ ਧੌਂਣੀ ਵਲ ਵਧਣ ਲਈ ਵੀ ਕਾਫ਼ੀ ਸਮਾਂ ਲਗ ਜਾਂਦਾ ਹੈ।

ਭਾਨੂੰ ਦੇ ਸਾਹਵੇਂ ਅਸਮਾਨ ਤੇ ਇਕ ਤਾਰਾ ਟੁੱਟਿਆ ਤੇ ਪਿਘਲੀ ਚਾਂਦੀ ਵਰਗੀ ਲੀਕ ਵਾਹੁੰਦਾ ਉਹਦੇ ਪਿੰਡ ਵਲ ਦੇ ਅਸਮਾਨ 'ਚ ਗ਼ਰਕ ਹੋ ਗਿਆ। ਉਹਨੇ ਥੁੱਕਿਆ ਅਤੇ ਵੱਡੇ ਘਲੂਘਾਰੇ ਵਾਲੇ ਗੁਰਦੁਆਰੇ ਵਲ ਮੂੰਹ ਕਰਕੇ ਮੱਥਾ ਟੇਕਿਆ — ਹੇ ਮਹਾਰਾਜ ! ਸੁੱਖ ਰਖੀਂ। ਪਰ ਮਹਾਰਾਜ ਵਲੋਂ ਕੋਈ ਜਵਾਬ ਨਾ ਆਇਆ। ਅਕਾਸ਼ਵਾਣੀ ਜੋੜੇ ਉਚੇ ਏਰੀਅਲ ਤੇ ਰੱਖੇ ਲਾਉਡਸਪੀਕਰਾਂ 'ਚ ਕਰਲਾਟ ਪਾਉਂਦੀ ਭਾਈ ਜੀ ਦੀ 'ਵਾਜ ਦੇ ਆਦੀ ਹੋਏ ਮਹਾਰਾਜ ਨੇ ਭਾਨੂੰਆਂ-ਸ਼ਾਨੂੰਆਂ ਦੀ 'ਵਾਜ ਕੀ ਸੁਣਨੀ ਸੀ ?

ਕੁੱਪ ਪਿੰਡ ਕੋਲ ਦੀ ਲੰਘਦਿਆਂ ਕੁੱਕੜਾਂ ਦੀਆਂ ਬਾਗਾਂ ਆਮ ਸੁਣਨ ਲੱਗ ਪਈਆਂ ਸਨ। ਖੂਹੀ ਤੇ ਕਿਸੇ ਭਗਤ ਨੇ ਇਸ਼ਨਾਨ ਕਰਨ ਲਈ ਡੋਲ ਵੀ ਖੜਕਾ ਦਿਤਾ ਸੀ। ਕੋਈ ਨਾ ਕੋਈ ਦੁੱਧ ਵੀ ਪਰੁੰਨ੍ਹਿਆ ਜਾ ਚੁਕਿਆ ਸੀ। ਚਮਾਰਾਂ ਵਿਹੜੇ ਚੱਕੀਆਂ ਵੀ ਝੋਈਆਂ ਗਈਆਂ ਸਨ — ਤੇ ਦਮੇਂ ਦੇ ਮਰੀਜ਼ਾਂ ਦਾ ਖੰਘ ਸਾਰੇ ਵਾਤਾਵਰਣ ਨੂੰ ਸਾਹੋ ਸਾਹ ਕਰਦੀ ਜਾ ਰਹੀ ਸੀ। ਉਹਨੇ ਜ਼ਰਾ ਅਸਮਾਨ ਵਲ ਤੱਕਿਆ। ਖਿੱਤੀਆਂ ਹੇਠਾਂ ਲਹਿ ਚੱਲੀਆਂ ਸਨ। ਉਹਨੂੰ ਪਾਲਾ ਕੁਝ ਬਹੁਤਾ ਹੀ ਲਗਿਆ, ਅਤੇ ਉਹਨੇ ਦੁਪੱਟੇ ਦੀ ਬੁੱਕਲ ਘੁੱਟ ਕੇ ਮਾਰ ਲਈ — ਪੈਰ ਵੀ ਜ਼ਰਾ ਤਿੱਖੇ ਕਰ ਲਏ।

ਰੇਲ ਦੀ ਪਟੜੀ ਤੇ ਤੁਰਦਿਆਂ ਉਹਦੀ ਧੌੜੀ ਦੀ ਜੁੱਤੀ ਕਦੀ ਕਦੀ ਵੱਟਿਆਂ ਨਾਲ ਟਕਰਾਉਂਦੀ ਅਤੇ ਉਹਦੇ ਪੈਰਾਂ ਨੂੰ ਜਹਫ਼ ਜਿਹਾ ਪੁਜਦਾ। ਨਿੱਕੇ ਨਿੱਕੇ ਰੋੜੇ ਘਸੇ ਹੋਏ ਤਲਿਆਂ 'ਚੋਂ ਲਗਾਤਾਰ ਚੁਭ ਰਹੇ ਸਨ। ਉਹ ਕਦੀ ਦੂਰ, ਕਦੀ ਸਾਹਮਣੇ ਤੇ ਕਦੀ ਰੇਲ ਦੀ ਲਾਈਨ ਤੇ ਨਜ਼ਰਾਂ ਟਿਕਾ ਬਸ ਇਹ ਸੋਚਦਾ ਜਾਂਦਾ — ਰੱਬ ਸਹੁਰਾ ਕੋਈ ਮੁੰਡਾ ਈ ਦੇ ਦਿੰਦਾ ; ਨਿਆਸਰੇ ਦਾ ਆਸਰਾ ਬਣਦਾ। ਫਿਰ ਆਪ ਹੀ ਇਸ ਸੋਚ ਤੇ ਤਬਸਰਾ ਕਰਨ ਲਗਦਾ — ਮੁੰਡੇ ਸਹੁਰੇ ਅਜ ਕਲ੍ਹ ਦੇ ਬਥੇਰੇ ਅਲਗਰਜ ਨੇ, ਕੰਨ-ਪਾਟੀਆਂ ਦੇ ਈ ਆਖੇ ਲਗਦੇ ਨੇ। ਆਸਰਾ ਤਾਂ ਭਾਨਿਆ, ਮਹਾਰਾਜ ਦਾ ਈ ਐ ਬੰਦੇ ਨੂੰ...ਚਲੋ, ਆਸਰਾ ਨਾ ਸਹੀ ਅੰਸ ਤਾਂ ਹੁੰਦੀ — ਨਉਂ ਈ ਰਹਿ ਜਾਂਦਾ...ਭਾਨੂੰ ਇਹ ਜਾਣਦਾ ਹੋਇਆ ਵੀ ਨਹੀਂ ਸੀ ਜਾਣਦਾ ਕਿ ਚਮਾਰਾਂ ਦੇ ਮੁੰਡੇ ਤਾਂ ਪੰਜ-ਸੱਤ ਘੰਟੇ ਸੌਣ ਲਈ ਹੀ ਘਰ ਆਉਂਦੇ ਹੁੰਦੇ ਹਨ। ਬਾਕੀ ਅਠਾਰਾਂ ਘੰਟਿਆਂ ਤੇ ਤਾਂ ਸਰਦਾਰ ਜਸਪਾਲ ਸਿੰਘ ਹੋਰਾਂ ਦੇ ਹੱਕ ਰਾਖਵੇਂ ਹੁੰਦੇ ਹਨ...

...ਲੈ ਹੁਣ ਕੁੜੀ ਐ — ਕੰਨਿਆਂ ਦੇਵੀ। ਮਜਾਲ ਐ ਕਦੀ ਅੱਕੀ ਹੋਵੇ ਜਾਂ ਖਿੱਝੀ ਹੋਵੇ...ਆਪ ਬੁਰਕੀਆਂ ਮੂੰਹ 'ਚ ਪਾਊ — ਚਾਹ ਪਾਣੀ ਪਿਆਊ—ਪੱਗ ਬੰਨ੍ਹੂਗੀ... ਪਰ ਉਹ ਆਪ ਹੁਣ ਕੋਠੇ ਜਿੱਡੀ ਹੋ ਚੱਲੀ ਐ — ਉਹਦੇ ਹੱਥ ਵੀ ਤਾਂ ਪੀਲੇ ਕਰਨੇ ਨੇ...ਪਰ ਕਿਵੇਂ ?

ਇਸ ਤੋਂ ਅਗਾਂਹ ਉਹਦੀ ਸੋਚ ਵਿਹਰ ਕੇ ਖਲੋ ਗਈ... ਕਲਪਨਾ ਦਾ ਕੇਹਾ ਦੁਖਾਂਤ ਹੈ ਕਿ ਇਹ ਠੋਸ ਹਕੀਕਤਾਂ ਨਾਲ ਟਕਰਾ ਹਮੇਸ਼ਾ ਚਿਕਨਾ ਚੂਰ ਹੋ ਜਾਂਦੀ ਹੈ !

ਭਾਨੂੰ ਦੀਆਂ ਅੱਖਾਂ ਭਰ ਆਈਆਂ। ਪਹਿਲਾਂ ਉਹਨੇ ਟੁੰਡ ਉਤਾਂਹ ਚੁਕ ਅੱਖਾਂ ਪੂੰਝੀਆਂ, ਫਿਰ ਜ਼ਰਾ ਸੱਜੇ ਪਾਸੇ ਤਾਣ ਆਖਿਆ — ਅੱਛਾ ਭਾਈ ਬੀਬੋ ! ਸੁਖੀ ਰਹਿ ! ਫਿਰ ਉਹਨੇ ਕੁਝ ਇੰਜ ਸੁਖ ਦਾ ਸਾਹ ਲਿਆ ਜਿਵੇਂ ਟੁੰਡ ਦਾ ਇਸ਼ਾਰਾ ਕਰ ਕੇ ਉਹਨੇ ਸੱਜੇ ਪਾਸੇ ਵਸਿਆ ਸਾਰਾ ਮਤੋਈ ਪਿੰਡ ਆਪਣੀ ਧੀ ਦੇ ਨਾਂ ਲੁਆ ਦਿਤਾ ਹੋਵੇ।

ਪਰ ਉਹਦੀ ਸੋਚ ਉਹਦਾ ਖਹਿੜਾ ਨਹੀਂ ਸੀ ਛੱਡ ਰਹੀ...ਕੁੜੀ ਵੀ ਹੁਣ ਖਿਝੀ ਖਿਝੀ ਰਹਿੰਦੀ ਐ — ਲੱਕ ਦੁਖਦੈ ; ਧਰਨ ਡਿਗ ਪਈ ਐ ; ਅੱਖਾਂ ਤੋਂ ਦਿਸਦਾ ਘੱਟ ਐ — ਹਰ ਵਕਤ ਆਪਣੇ ਪਿਟਣੇ ਪਿੱਟੀ ਜਾਊ...ਅੱਗੇ ਮਾਵਾਂ ਧੀਆਂ ਕੱਖਾਂ ਦੀ ਝੋਲੀ ਕੱਢ ਲਿਆਉਂਦੀਆਂ ਸਨ, ਰੋਟੀ ਪਲ ਜਾਂਦੀ ਸੀ। ਦੁੱਧ ਦੀ ਬੁੱਕ ਵੇਚ ਕੇ ਲੂਣ ਤੇਲ ਤੁਰ ਪੈਂਦਾ ਸੀ...ਹੁਣ ਝੱਟ ਕਿਵੇਂ ਲੰਘੂ ਭਾਨਾ ਸਿਆਂ ?... ਉਹਦੇ ਸਾਹਵੇਂ ਰੇਲ ਦੀ ਲਾਈਨ ਨੰਗੀ ਤਲਵਾਰ ਵਾਂਗ ਚਮਕ ਰਹੀ ਸੀ...ਏਥੇ ਸਿਰ ਰਖਦਿਆਂ ਤੇ ਵਢਿਆ ਜਾਣਾ ...ਕੀ ਚੰਗਿਆ ਹੋਇਐ ਇਹੋ ਜਿਹੇ ਨਰਕ ਭੋਗਣ ਤੋਂ... ਪਰ ਸਾਲਾ ਮਰਨ ਨੂੰ ਕੇਹੜਾ ਜੀਅ ਕਰਦੈ...ਕਈ ਵਾਰ

ਨਹਿਰ ਨੂੰ ਤੁਰਿਆ ਭੁੱਖ ਮਰਨ, ਪਰ ਜਦ ਵਾਰ ਪੱਕੀ ਨਾ ਕੋਈ ਵਿਘਨ ਪੈ ਜਾਂਦਾ...ਅੱਛਾ ਜਿੰਨੀ ਲਿਖੀ ਐ ਓਨੀ ਤਾਂ ਭੋਗਣੀ ਈ ਪੈਣੀ ਐ !

ਕਿਰਤੀ ਲੋਕ ਘੱਟ ਹੀ ਢੇਰੀਆਂ ਢਾਹ ਕੇ ਬਹਿੰਦੇ ਹਨ। ਕਿਰਤ ਉਨ੍ਹਾਂ ਲਈ ਇਕ ਸਾਧਨਾ ਹੋ ਨਿਬੜਦੀ ਹੈ ਜਿਹੜੀ ਉਨ੍ਹਾਂ ਅੰਦਰੋਂ ਸਾਰੀਆਂ ਢਹਿੰਦੀਆਂ ਰੁਚੀਆਂ ਪੁੱਟ ਕਢਦੀ ਹੈ। ਇਸੇ ਲਈ ਤਾਂ ਕਿਰਤੀ ਲੋਕ ਅਤਿ ਤੰਗੀਆਂ 'ਚ ਵੀ ਘੱਟ ਵੱਧ ਹੀ ਖ਼ੁਦਕਸ਼ੀਆਂ ਕਰਦੇ ਹਨ — ਇਹ ਕੰਮ ਤਾਂ ਮਹਾਰਾਜ ਨੇ ਬੁਧੀਜੀਵੀਆਂ ਨੂੰ ਸੌਂਪਿਆ ਹੋਇਆ ਹੈ ਜਿਹੜੇ ਜੇ ਰੋਟੀ ਨਾਲ ਇਕੋ ਸਬਜ਼ੀ ਹੋਵੇ ਤਾਂ ਮਾਨਸਿਕ ਸੰਕਟ ਦਾ ਸ਼ਿਕਾਰ ਹੋ ਖ਼ੁਦਕਸ਼ੀ ਕਰਨ ਬਾਰੇ ਸੋਚਣ ਲਗ ਪੈਂਦੇ ਹਨ।

ਭਾਨੂੰ ਨੇ ਪੂਰੇ ਬਾਰੇ ਸੋਚ ਕੇ ਕੁਝ ਹੌਸਲਾ ਫੜਿਆ... ਆਏਂ ਕਿਤੇ ਪੂਰਾ ਆਪਾਂ ਤੋਂ ਨਾਬਰ ਐ ? ਮੈਂ ਤੇ ਉਹਦਾ ਪਿਓ ਜਮਾਂ ਸਕੇ ਆਂ...ਕੀ ਹੋਇਆ ਜੇ ਸਾਰੀ ਉਮਰ ਜੱਟਾਂ ਦਾ ਸੀਰ ਕਮਾਇਐ — ਪੂਰਾ ਤਾਂ ਖ਼ੈਰ ਰਹਿੰਦਾ ਈ ਸਾਡੇ ਵਲ ਸੀ — ਮੇਰੇ ਤਾਂ ਮੋਢਿਆਂ ਤੇ ਚੜ੍ਹ ਛਪਾਰ ਦਾ ਮੇਲਾ ਵੇਖਣ ਜਾਂਦਾ ਹੁੰਦਾ ਸੀ — ਆਪਣਾ ਧੀ-ਪੁੱਤ ਐ, ਯਾਰੋ ! ਦਰ ਤੇ ਆਏ ਤਾਂ ਕੁੱਤੇ ਨੂੰ ਨੀ ਗਹਿਰਦਾ ਕੋਈ — ਮੈਂ ਤਾਂ ਖ਼ੈਰ ਬੰਦਾਂ — ਉਹਦਾ ਚਾਚਾ ਵਾਂ...

ਉਹਦੇ ਸਾਹਵੇਂ ਗਾੜ੍ਹਾ ਹਨੇਰਾ ਇਕਦਮ ਪਾਟਣਾ ਸ਼ੁਰੂ ਹੋ ਗਿਆ। ਵਗਦੇ ਖੂਹਾਂ 'ਚੋਂ ਭਾਫ਼ਾਂ ਉਠ ਰਹੀਆਂ ਸਨ। ਪਾਲੇ ਨਾਲ ਠਰੇ ਹੋਏ ਗੋਭੀ ਦੇ ਖੇਤ ਉਦਾਸ ਨਹੀਂ ਸਗੋਂ ਪੂਰੀ ਤਾਜ਼ਗੀ 'ਚ ਬੜੇ ਮਾਣ ਨਾਲ ਅੜੇ ਖਲੋਤੇ ਸਨ। ਪਹੁ ਫੁੱਟ ਰਹੀ ਸੀ। ਭਾਨੂੰ ਕੋਟਲੇ ਸ਼ਹਿਰ ਦੀ ਹੱਦ ਅੰਦਰ ਆ ਵੜਿਆ ਸੀ। ਉਹ ਰੇਲ ਦੀ ਪਟੜੀ ਉਤਰ ਧੂੜਾਂ ਲੱਦੇ ਪਹੇ ਤੇ ਪੈ ਗਿਆ। ਉਹਦੇ ਆਲੇ-ਦੁਆਲੇ ਅਰਾਈਆਂ ਦੇ ਖੇਤਾਂ ਵਿਚ ਅੰਤਾਂ ਦੀ ਹਰਕਤ ਸੀ। ਉਹਨੇ ਵੇਖਿਆ ਮਰਦ, ਤੀਵੀਆਂ, ਬੱਚੇ — ਸਾਰੇ ਹੀ ਗੋਭੀ, ਮਟਰ, ਮੂਲੀਆਂ, ਮੇਥੀ, ਪਾਲਕ ਦੇ ਟੋਕਰੇ ਚੁਕ ਚੁਕ ਗੱਡੇ ਭਰ ਰਹੇ ਸਨ — ਕਿੰਨੀ ਤੇਜ਼ੀ ਸੀ ਉਨ੍ਹਾਂ ਦੇ ਪੈਰਾਂ ਵਿਚ ? ਉਹਨੂੰ ਧੰਮੀ ਰੁੱਝੇ ਅਰਾਈਂ ਚੰਗੇ ਲਗੇ ਤੇ ਉਹਨੇ ਜਿਵੇਂ ਆਪਣੇ ਆਪ ਨੂੰ ਆਖਿਆ — ਕਿਉਂ ? ਮੰਨਦੈਂ ! ਏਹ ਨੇ ਕਿਰਤੀ ਲੋਕ... ਐਵੇਂ ਪੰਜ ਪੰਜ ਸੱਤ ਸੱਤ ਵਿਘੇ ਜ਼ਮੀਨ ਐ ਏਨ੍ਹਾਂ ਕੋਲ — ਪਰ ਭੋਰਾ ਕਿਹੜਾ ਘੌਲੀ ਨੇ ਏਹ ? ਕਿਆਰਾ ਵਿਹਲਾ ਹੋਇਆ ਨੀ ਤੇ ਆਥਣ ਨੂੰ ਬੀਜਿਆ ਨੀ। ਏਹ ਤਾਂ ਬਾਬਾ ਗਿੱਠ ਥਾਂ 'ਚੋਂ ਰੁਪਈਆਂ ਦਾ ਬੁੱਕ ਕੱਢ ਲੈਂਦੇ ਨੇ...ਵਾਹ ਬਈ ਸ਼ੇਰਾਂ ਦੇ ! ਇਕ ਹੁਲਾਰੇ ਜਿਹੇ 'ਚ ਉਹਨੇ ਗੱਡੇ ਤੇ ਖਲੋਤੇ ਆਦਮੀ ਨੂੰ ਬੁਲਾ ਵੀ ਲਿਆ — ਸਲਾਮ ਮੀਆਂ ਜੀ ! ਆਹ ਤਾਂ ਸਵੇਰੇ ਸਵੇਰੇ ਈ ਮਖਿਆ ਲੱਦ ਲਿਆ ਗੱਡਾ ?

— ਬਾ ਲੇਕਮ ਸਲਾਮ ! ਇਕ ਤਾਂ ਸੁੱਟ ਵੀ ਆਏ ਆਂ ਮੰਡੀ 'ਚ।

— ਸ਼ਾਬਾਸ਼ ਬਈ ਨਹੀਂ ਰੀਸਾਂ ਥੋਡੀਆਂ !

ਗੱਡੇ ਤੇ ਖਲੋਤੇ ਅਰਾਈਂ ਨੇ ਭਾਨੂੰ ਨੂੰ ਖਲੋ ਜਾਣ ਲਈ ਆਖਿਆ ਉਹ ਖਲੋ ਗਿਆ। — ਥੋਹੜੀ ਜਿੰਨੀ ਸਬਜ਼ੀ ਭਾਜੀ ਲੈ ਜਾ।

ਭਾਨੂੰ ਨੂੰ ਆਪਣੇ ਟੁੰਡਾਂ ਦਾ ਫ਼ਿਕਰ ਖਾਣ ਲਗ ਪਿਆ। ਉਹ ਕਿਵੇਂ ਫੜੇਗਾ ? ਉਹ ਆਪਣੇ ਟੁੰਡ ਵਿਖਾਲਣਾ ਵੀ ਨਹੀਂ ਸੀ ਚਾਹੁੰਦਾ। ਪਰ ਮੀਆਂ ਤਾਂ ਗੋਭੀ ਦੇ ਦੋ ਫੁੱਲ, ਮੂਲੀਆਂ, ਟਮਾਟਰ, ਮਟਰ ਫੜਾਉਣ ਲਈ ਉਤਰ ਵੀ ਪਿਆ ਸੀ। ਭਾਨੂੰ ਨੇ ਉਪਰਲਾ ਦੁਪੱਟਾ ਹੇਠੋਂ ਟੁੰਡਾਂ ਵਿਚ ਲਪੇਟ ਝੋਲੀ ਅੱਡ ਦਿਤੀ ਜਿਸ ਵਿਚ ਕਿਰਤੀ ਅਰਾਈਂ ਨੇ ਸਬਜ਼ੀ ਉਲੱਦੀ ਤੇ ਮੁੜ ਗੱਡੇ ਤੇ ਚੜ੍ਹ ਟੋਕਰੇ ਟੋਕਰੀਆਂ ਫੜਨ ਵਿਚ ਰੁਝ ਗਿਆ। ਭਾਨੂੰ ਧੰਨਵਾਦ ਕਰ, ਫ਼ਤਹਿ ਬੁਲਾ ਤੁਰਨ ਹੀ ਲਗਿਆ ਸੀ, ਪਰ ਫਿਰ ਰੁਕ ਗਿਆ — ਮਖਿਆ, ਮੀਆਂ ਜੀ ਐਸ. ਡੀ. ਐਮ. ਦੀ ਕੋਠੀ ਕਿਥੇ ਕੁ ਹੈਮ ?

— ਬੱਸ ਔਹ ਐ ਚਿੱਟੀ ਚਿੱਟੀ — ਪਿਉ ਦੀ ਬੇਰੀਆਂ ਤੋਂ ਪਰੇ — ਔਹ ਤਿਰੰਗੇ ਝੰਡੇ ਵਾਲੀ !

ਤੇ ਭਾਨੂੰ ਉਧਰ ਨੂੰ ਹੋ ਤੁਰਿਆ। ਸਬਜ਼ੀ ਦਾ ਭਾਰ ਉਹਤੋਂ ਸਾਂਭਿਆ ਨਹੀਂ ਸੀ ਜਾ ਰਿਹਾ। ਛਾਤੀ ਨਾਲ ਘੁੱਟ ਸਹਾਰਾ ਜਿਹਾ ਦੇ ਤੁਰਦਾ ਗਿਆ। ਅਰਾਈਂ ਦਾ ਮਿਹਰਬਾਨ ਚਿਹਰਾ ਤੇ ਸਬਜ਼ੀਆਂ ਨਾਲ ਆਫਰਿਆ ਗੱਡਾ ਉਹਤੋਂ ਪਰ੍ਹਾਂ ਨਹੀਂ ਸੀ ਹੋ ਰਿਹਾ — ਜੇ ਕਿਤੇ ਏਨੀ ਕੁ ਜ਼ਮੀਨ ਮੇਰੇ ਕੋਲ ਹੋਵੇ ਤਾਂ ਰੁਪਈਆਂ ਦੀਆਂ ਸੇਥਰੀਆਂ ਲਾ ਦਿਆਂ। ਪਰ ਦੂਜੇ ਹੀ ਪਲ ਉਹ ਇਕਦਮ ਡਰ ਗਿਆ — ਹੱਥਾਂ ਬਿਨਾਂ ਕੰਮ ਕਿਵੇਂ ਕਰਾਂਗਾ ? — ਪਰ ਫਿਰ ਹੌਸਲਾ ਫੜਿਆ — ਬਥੇਰੇ ਕੰਮ ਨੇ ਜਿਹੜੇ ਟੁੰਡਾਂ ਨਾਲ ਵੀ ਕਰ ਸਕਦਾਂ — ਹਲਟ ਹੱਕ ਸਕਦਾਂ — ਸਿਰ ਤੇ ਭਾਰ ਚੁਕ ਸਕਦਾਂ...ਪਰ ਭੁੱਬੀ ਤਾਂ ਤਾਂ ਜੇ ਸਾਹ ਨਾ ਆਇਆ। ਜ਼ਮੀਨ ਕਿਥੋਂ ਆਵੇ ? ਸਭ ਸਾਲੇ ਵੋਟਾਂ ਲੈਣ ਵਾਸਤੇ ਲਾਰੇ ਲਾ ਛਡਦੇ ਨੇ...ਪਰ ਪਨਾਲਾ ਉਥੇ ਦਾ ਉਥੇ ਈ ਐ...

ਉਹਨੇ ਐਸ. ਡੀ. ਐਮ. ਦੀ ਕੋਠੀ ਵਲ ਨਜ਼ਰ ਮਾਰੀ। ਉਹਦੀ ਝੋਲੀ ਵਿਚ ਪਏ ਟਮਾਟਰਾਂ ਵਰਗਾ ਸੂਰਜ ਕੋਠੀ ਦੇ ਉਤੋਂ ਦੀ ਪਲ ਪਲ ਰੰਗ ਬਦਲਦਾ ਜਾ ਰਿਹਾ ਸੀ — ਤੇ ਉਹਦੇ ਸਾਹਵੇਂ ਰਾਹ ਉਹਦੀ ਹਿੱਕ ਨਾਲ ਘੁੱਟੇ ਗੋਭੀ ਦੇ ਫੁੱਲ ਵਰਗਾ ਚਿੱਟਾ ਹੋ ਗਿਆ ਸੀ — ਉਹਦੀ ਭੁੱਖ ਵੀ ਚਮਕ ਪਈ ਸੀ।

ਭਾਨੂੰ ਨੇ ਕੋਠੀ ਦੇ ਫਾਟਕ ਨੂੰ ਖੋਲ੍ਹਣਾ ਚਾਹਿਆ। ਪਤਾ ਨਹੀਂ ਫਾਟਕਾਂ ਨੂੰ ਜਿੰਦਰਾ ਵਜਿਆ ਹੋਇਆ ਸੀ ਕਿ ਨਹੀਂ, ਪਰ ਉਹਤੋਂ ਖੁਲ੍ਹ ਨਹੀਂ ਸਨ ਰਹੇ। ਉਹਨੇ ਸੰਗਲ ਵਿਚ ਟੁੰਡ ਫਸਾ ਸੰਗਲ ਖੜਕਾਇਆ। ਦੂਰ ਵਰਾਂਡੇ 'ਚ ਇਕ ਖ਼ਾਕੀ ਵਰਦੀ ਵਾਲੇ ਨੇ ਉਹਨੂੰ ਘੂਰ ਕੇ ਵੇਖਿਆ — ਫਿਰ ਹੱਥ ਖੜਾ ਕੀਤਾ। ਫਾਟਕ ਕੋਲ ਆ ਬੋਲਿਆ — ਬਾਹਰ ਘੰਟੀ ਨੀ ਦਿਸਦੀ ? ਖੜਕਾ ਕਰਨ ਡਿਐਂ ? ਸਾਹਿਬ ਉੱਠ ਖਲੋਤਾ ਤਾਂ ਮੇਰੀ ਵਾਧੂ ਦੀ ਕਮਬਖਤੀ ਲਿਆਵੇਂਗਾ ! ਆ ਜਾਂਦੇ ਨੇ ਮੂੰਹ ਚੁਕ ਕੇ ਸਵੇਰੇ ਸਵੇਰੇ — ਦਸ ਕੀ ਕੰਮ ਐ ?

ਭਾਨੂੰ ਦਾ ਇਕ ਵੇਰ ਤਾਂ ਜੀਅ ਕੀਤਾ ਕਿ ਟੁੰਡ ਮਾਰ ਕੇ ਫੜਕਾ ਸੁੱਟੇ ਸਾਲੇ ਮੜਕ ਦੇ ਨੂੰ। ਆਏਂ ਖਾਣ ਨੂੰ ਪੈਂਦੈ ਜਿਵੇਂ ਉਹਦੀ ਮਹਿੰ ਖੋਲ੍ਹ ਲਈ ਮੈਂ। ਖ਼ੈਰ ਗਰੀਬ ਦਾ ਗੁੱਸਾ ਬਹੁਤੀ ਵਾਰ ਕਲਪਨਾ ਵਿਚ ਹੀ ਵਿਸ ਘੋਲ ਘੋਲ ਮਰ ਜਾਂਦਾ ਹੈ। ਉਹਨੇ ਗਰਮੀ ਤਾਂ ਨਾ ਖਾਧੀ, ਪਰ ਬੋਲਿਆ ਜ਼ਰਾ ਰੜਕ ਨਾਲ ਹੀ—ਮੈਂ ਪੂਰੇ ਨੂੰ ਮਿਲਣੈ।

—ਕੇਹੜੇ ਪੂਰੇ ਨੂੰ ? ਏਹ ਤਾਂ ਮੂਰਖਾ, ਸਰਦਾਰ ਕਪੂਰ ਸਿੰਘ ਬੈਂਸ ਦੀ ਕੋਠੀ ਐ—ਐਸ. ਡੀ. ਐਮ. ਦੀ।

ਭਾਨੂੰ ਉਲਝ ਗਿਆ ਕਿਤੇ ਗਲਤ ਥਾਂ ਤਾਂ ਨਹੀਂ ਆ ਗਿਆ ਮੈਂ ?...ਪੂਰਾ ?...ਕਪੂਰ ਸਿੰਘ ਬੈਂਸ ?... ਉਹ ਜਿਵੇਂ ਉਲਝਣ 'ਚੋਂ ਨਿਕਲ ਗਿਆ—ਹਾਂ, ਹਾਂ, ਉਸੇ ਨੂੰ...ਪਕੂਰ ਸਿਉਂ ਨੂੰ !...ਮੈਂ ਉਹਦੇ ਪਿੰਡੋਂ ਆਂ...ਚਾਚਾ ਲਗਦਾ ਬਰਾਦਰੀ ਚੋਂ ਉਹਦਾ...

ਭਾਨੂੰ ਨੇ ਗੱਲ ਹੀ ਨਿਖੇੜ ਦਿਤੀ ਤਾਕਿ ਨੌਕਰ ਹੋਰ ਅੱਤੜ ਨਾ ਕਰੇ। ਖਾਕੀ ਵਰਦੀਆਂ ਵਾਲੇ ਅਤੱੜਾ ਕਰਦੇ ਵੀ ਤਾਂ ਬਹੁਤ ਹੁੰਦੇ ਨੇ ਨਾ—ਜਿਵੇਂ ਵਰਦੀ ਪਾਉਣ ਲਗਿਆਂ ਅਤੜਾਂ ਵੀ ਗਲਾਂ 'ਚ ਪਾ ਲੈਂਦੇ ਹਨ।

ਬਰਾਂਡੇ ਤਕ ਜਾਂਦਿਆਂ ਨੌਕਰ ਨੇ ਉਹਨੂੰ ਦਸ ਦਿਤਾ ਕਿ ਸਾਹਬ ਤਾਂ ਅਜੇ ਸੁੱਤੇ ਹੋਏ ਹਨ—ਹਾਂ, ਉਨ੍ਹਾਂ ਦੇ ਮਾਤਾ-ਪਿਤਾ ਨੂੰ ਮਿਲਾ ਦਿੰਨਾਂ—ਤੁਸੀਂ ਬਰਾਂਡੇ 'ਚ ਹੀ ਖਲੋਵੋ ਜ਼ਰਾ...ਨੌਕਰ ਦੇ ਮੂੰਹੋਂ 'ਤੂੰ' ਦੀ ਥਾਂ 'ਤੁਸੀਂ' ਸੁਣ ਭਾਨੂੰ ਮੁਸਕੜੀਆ ਹਸਿਆ—ਆ ਗਿਆ ਨਾ ਸਾਲਾ ਆਨੇ ਵਾਲੀ ਥਾਂ ਤੇ !

ਪਾਲਾ ਤੇ ਧੰਨੋ ਇੰਜ ਨੱਸ ਕੇ ਬਰਾਂਡੇ ਵਿਚ ਆਏ ਜਿਵੇਂ ਕਿਸੇ ਕੋਠੀ-ਬੰਦ ਕੈਦੀ ਲਈ ਮੁਲਾਕਾਤ ਆਉਂਦੀ ਹੈ। ਪਾਲਾ ਤਾਂ ਉਹਨੂੰ ਚਿੰਬੜ ਹੀ ਗਿਆ—ਫਿਰ ਡੁਸਕਣ

ਲਗਿਆ। ਉਹਨੂੰ ਅੰਦਰ ਲਿਜਾ ਬਿਠਾਇਆ, ਤੇ ਡਾਢੀ ਹਲੀਮੀ ਨਾਲ ਬੋਲਿਆ—ਸ਼ੁਕਰ ਨਾਲ ਤਾਂ ਮਹਾਰਾਜ ਨੇ ਸੁਣ ਲਿਆ। ਨਗਾਰੇ ਦੀ ਸੱਟ ਥਹੁਤਾ ਈ ਮਾੜਾ ਹੋਇਆ।

ਭਾਨੂੰ ਦਾ ਕੜ ਪਾਟ ਗਿਆ—ਤੇਥੋਂ ਤਾਂ ਏਨਾ ਵੀ ਨਾ ਸਰਿਆ ਖਈ ਖ਼ਬਰ ਈ ਲੈ ਆਵਾਂ...ਆਏ ਤਾਂ ਸੱਤ ਬਿਗਾਨੇ ਵੀ ਨੀ ਕਰਦੇ...ਕੋਠੀਆਂ 'ਚ ਰਹਿ ਤੈਨੂੰ ਕੁਲੀਆਂ ਵਾਲਿਆਂ ਦੀ ਸਾਰ ਲੈਣ ਦੀ ਲੋੜ ਵੀ ਕੀ ਐ ?

ਪਾਲੇ ਦੇ ਕੁਝ ਜਵਾਬ ਦੇਣ ਤੋਂ ਪਹਿਲਾ ਹੀ ਧੰਨੋ ਬੋਲ ਪਈ—ਭਾਨੂੰ ਧੀਰ, ਅਸੀਂ ਤੈਨੂੰ ਭੁੱਲੇ ਨੀ। ਏਹਨੂੰ ਪੁੱਛ ਲੈ ਅਸੀਂ ਕਿਵੇਂ ਤੜਫ਼ੇ ਆਂ। ਪੂਰੇ ਦੀਆਂ ਅੰਤਰੀਆਂ ਕਿਤੇ ਮੀਟਿੰਗਾਂ ਵੀ ਮੁਕਣ...ਹੁਣ ਆਹ ਖਸਮ ਨੇ ਖਾਣੀ ਐਮਰਜੈਂਸੀ ਨੇ ਰਹਿੰਦੀ ਖੂੰਹਦੀ ਕਸਰ ਮੁਕਾ ਤੀ...ਹੁਣ ਤਾਂ ਉਹ ਆਪ ਈ ਤਾਰਿਆਂ ਦੀ ਛਾਵੇਂ ਘਰ ਮੁੜਦੈ... ਅੱਧਿਆ ਜਿਹਾ ਰਹਿੰਦੈ...ਕਿਵੇਂ ਲੈ ਜਾਵਾਂ ਥੋਨੂੰ ਪਿੰਡ ? ਕਲ ਨੂੰ ਪੁਲਸ ਲੈ ਕੇ ਫੁਲਾਣੇ ਪਿੰਡ ਜਾਣੈ—ਲੋਕ ਆਖਦੇ ਨੀ ਕਮਾਦੀ ਦੇ—ਮੈਂ ਉਜਾੜੂ ਹੋਣੈ ? ਨਾਲ ਤਰਕੀ ਪਾਉਣ ਦਾ ਏਹੀ ਤਾਂ ਮੌਕੇ !

ਫਿਰ ਧੰਨੋ ਉਹਦੇ ਟੁੰਡ ਵੇਖ ਕਮਲਿਆਂ ਵਾਂਗ ਵੈਣ ਪਾਉਣ ਲਗ ਪਈ।

ਡਰੈਸਿੰਗ ਗਾਊਨ 'ਚ ਸਜਿਆ ਪੂਰਾ ਅੰਦਰ ਆਇਆ। ਆਉਂਦਿਆ ਹੀ ਇਸ਼ਾਰੇ ਨਾਲ ਨੌਕਰ ਨੂੰ ਕਮਰਿਓਂ ਬਾਹਰ ਕੱਢ ਦਿੱਤਾ। ਫਿਰ ਧੰਨੋ ਤੇ ਵਰ੍ਹ ਪਿਆ—ਬੇਬੇ ! ਤੈਨੂੰ ਸੌ ਵਾਰ ਆਖਿਐ ਬਈ ਆਏਂ ਗੁਆਰਾ ਵਾਂਗ ਪਿੱਟਣ ਨਾ ਲੱਗ ਜਾਇਆ ਕਰ। ਐਵੇਂ ਐਰੇ ਗੈਰੇ ਨੂੰ ਵੇਖ ਕੇ...ਉਹਦੇ ਤੇਵਰ ਵੇਖ ਧੰਨੋ ਦੀ ਜੀਭ ਥਾਏਂ ਜੰਮ ਗਈ। ਪਾਲਾ ਵੀ ਜਿਹਾ ਸ਼ਰਮਿੰਦਗੀ ਨਾਲ ਘਿਰ ਗਿਆ।

ਭਾਨੂੰ ਕੁਰਸੀ ਤੋਂ ਉਠਿਆ ਤੇ ਪੂਰੇ ਵਲ ਵਧ ਉਹਦਾ ਸਿਰ ਪਲੋਸਣ ਲਗਿਆ। ਪਰ ਪੂਰੇ ਨੇ 'ਥੈਂਕ, ਥੈਂਕ ਯੂ' ਕਹਿ ਐਂ ਆਪ ਉਹਨੂੰ ਸੜਕ ਤੇ ਗੱਡੇ ਮੀਲ ਵਾਂਗ ਉਥੇ ਹੀ ਜਮਾ ਦਿੱਤਾ। ਫਿਰ ਵੀ ਉਹ ਖਾਸੇ ਮੋਹ ਨਾਲ ਬੋਲਿਆ—ਪੁਤਿਆ ! ਰਾਜ਼ੀ ਐਂ, ਵੀਰ ?...ਉਹ ਕੁਝ ਹੋਰ ਵੀ ਪੁੱਛਣਾ ਚਾਹੁੰਦਾ ਸੀ। ਪਰ ਸਿਲ ਵਾਂਗ ਖਲੋਤਾ ਰਿਹਾ।

ਪੂਰਾ ਆਖਣ ਲਗਿਆ—ਕੋਠੀ 'ਚ ਵੜਨ ਤੋਂ ਪਹਿਲਾਂ ਬੋਲਣਾ ਤਾਂ ਸਿਖ ਕੇ ਆਇਆ ਕਰੋ ? ਆ ਜਾਂਦੇ ਨੇ ਜੁੱਤੀਆਂ ਨਾਲ ਦਰੀਆਂ ਲਿਬੇੜਣ।

ਭਾਨੂੰ ਪੱਥਰ ਹੋ ਗਿਆ—ਬਿਲਕੁਲ ਬੇਹਿਸ ! ਉਹਦਾ ਸਿਰ ਪਲੋਸਣ ਲਈ ਉਠਿਆ ਹੱਥ ਰੁਕ ਗਿਆ। ਉਹਨੇ ਸਿਰ ਤੋਂ ਪੈਰਾਂ ਤਕ ਪੂਰੇ ਨੂੰ ਤੱਕਿਆ। ਫਿਰ ਉਹਨੂੰ ਜਾਪਿਆ ਉਹਦੇ ਸਾਹਮਣੇ ਪੂਰਾ ਨਹੀਂ ਬਲਕਿ ਸਰਦਾਰ ਕਪੂਰ ਸਿੰਘ ਥੇਸ ਖਲੋਤਾ ਸੀ। ਭਾਨੂੰ ਦੋ ਕਦਮ ਪਿਛਾਂਹ ਹਟ ਗਿਆ। ਪੂਰੇ ਦਾ ਇਕ ਇਕ ਬੋਲ ਰੰਬੀ ਦੀ ਧਾਰ ਵਾਂਗ ਉਹਦੀ ਰੂਹ ਨੂੰ ਲੀਰੋ ਲੀਰ ਕਰ ਗਿਆ।

ਪਾਲੇ ਨੇ ਗੱਲ ਤੋਰੀ—ਭਾਈ ਸਾਊ ! ਭਾਨੂੰ ਵਖਤਾਂ ਨੂੰ ਫੜਿਆ ਹੋਇਐ...ਕਿਤੇ ਪਹਿਰੇ ਪੂਹਰੇ ਰਖ ਲੈ—ਜਾਂ ਚੜ੍ਹਾ ਚਪੜਾਸੀ ਈ ਲਵਾ ਦੇ।

ਪੂਰੇ ਨੇ ਪਾਲੇ ਨੂੰ ਕੁਝ ਹੋਰ ਆਖਣ ਤੋਂ ਟੋਕਦਿਆਂ ਆਖਿਆ—ਬਾਪੂ ! ਤੂੰ ਵੀ ਹੱਦ ਕਰਦੈਂ। ਤੈਨੂੰ ਏਹਦੇ ਟੁੰਡ ਨੀ ਦੀਂਹਦੇ ? ਏਹਨਾ ਦਾ ਅਚਾਰ ਪਾਉਣੈ ਕਿਸੇ ਨੇ ?

—ਪਰ ਕਾਕਾ ! ਖ਼ਸ਼ ਤਾਂ ਕਰ — ਏਹ ਆਪਣੀ ਬਰਾਦਰੀ 'ਚੋਂ ਐ।

—ਬਰਾਦਰੀ ? ਹੂੰ ! ਆਖ ਪੂਰਾ ਮੁਸਕਰਾਇਆ ਤੇ ਜਿਧਰੋਂ ਆਇਆ ਸੀ ਉਧਰ ਹੀ ਪਰਤ ਗਿਆ ਤੇ ਕਮਰੇ 'ਚ ਸਿਰਫ਼ ਮੁਸਕਾਣ ਛੱਡ ਗਿਆ। ਪਰ ਇਹ ਕੈਸੀ ਮੁਸਕਾਣ ਸੀ ਜੀਹਨੇ ਪਾਲੇ ਨੂੰ ਇੰਜ ਕੁਰਸੀ ਤੇ ਜਮਾ ਦਿੱਤਾ ਜਿਵੇਂ ਉਹਦੀ ਨਾਬੀਨੀ ਕਰ ਦਿੱਤੀ ਹੋਵੇ। ਧੰਨੋ ਇੰਜ ਜਾਪਣ ਵੱਟਾ ਬਣ ਗਈ ਜਿਵੇਂ ਸੰਮਤ ਕਰ ਦਿੱਤੀ ਹੋਵੇ—ਅਤੇ ਇਸ ਮੁਸਕਾਣ ਨੇ ਭਾਨੂੰ ਦੇ ਧੁਰ ਦਿਲ ਵਿਚ ਪੰਚਾਂ ਵਾਲਾ ਬਰਛਾ ਖੋਭ ਦਿੱਤਾ—ਉਹ ਪੀੜ ਨਾਲ ਤੜਫਦਾ ਵਾਹੋ ਦਾਹੀ ਫਾਟਕ ਵਲ ਨਸ ਤੁਰਿਆ।

ਫਾਟਕ ਤੋਂ ਬਾਹਰ ਹੁੰਦਿਆਂ ਹੀ ਉਹ ਉਸੇ ਧੂੜ-ਲੱਦੇ ਰਾਹ ਤੇ ਆ ਗਿਆ ਜਿਸ ਤੇ ਉਹ ਚਲ ਕੇ ਆਇਆ ਸੀ। ਸਾਹਮਣੇ ਰੇਲ ਦੀ ਲਾਈਨ ਵਲੋਂ ਇਕ ਵੱਡਾ ਵਾਵਰੋਲਾ ਉਠਿਆ ਤੇ ਸਭ ਕੁਝ ਹੂੰਝਦਾ ਉਹਦੇ ਵਲ ਨੂੰ ਇੰਜ ਹੱਲਾ ਕਰਕੇ ਵਧਣ ਲੱਗ ਗਿਆ ਜਿਵੇਂ ਉਹਨੂੰ ਹੀ ਲਪੇਟਣ ਆ ਰਿਹਾ ਹੋਵੇ। ਉਹਦੇ ਝਪੱਟੇ ਤੋਂ ਲੜ ਚੰਗੀ ਤਰ੍ਹਾਂ ਘੁੱਟ ਲਏ। ਅਚਾਨਕ ਉਹਨੂੰ ਕਿਸੇ ਦੀ ਅਵਾਜ਼ ਸੁਣਾਈ ਦਿੱਤੀ—ਬੜੇ ਛੇਤੀ ਮੁੜ ਆਏ ਸਰਦਾਰ ਜੀ, ਆਓ ਫੇਰ ਅੰਨ ਪਾਣੀ ਖਾ ਕੇ ਜਾਇਓ।

ਭਾਨੂੰ ਖਲੋ ਗਿਆ। ਉਹਨੇ ਅਰਾਈਂ ਸੀਏਂ ਵਲ ਤੱਕਿਆ ਜਿਹੜਾ ਸਬਜ਼ੀ ਦਾ ਗੱਡਾ ਸੁੱਟ ਮੰਡੀਓਂ ਪਰਤ ਰਿਹਾ ਸੀ। ਉਹ ਪਿੰਜਣੀ ਤੇ ਪੈਰ ਰੱਖ ਗੱਡੇ ਤੇ ਜਾ ਚੜ੍ਹਿਆ। ਵਾਵਰੋਲਾ ਐਸ. ਡੀ. ਐਮ. ਦੀ ਕੋਠੀ ਵਲ ਨੂੰ ਉੱਡ ਗਿਆ ਸੀ। ਹੁਣ ਸੂਰਜ ਦੀਆਂ ਕਿਰਨਾਂ ਉਹਦੇ ਆਕੜੇ ਅੰਗਾਂ ਨੂੰ ਭੁਸ ਰਹੀਆਂ ਸਨ। ਬਲਦਾਂ ਦੀਆਂ ਟੱਲੀਆਂ ਉਹਦੇ ਤੇਜ਼ ਧੜਕਦੇ ਦਿਲ ਨੂੰ ਰਉਂ ਸਿਰ ਕਰ ਰਹੀਆਂ ਸਨ। ਅਰਾਈਂ ਸੀਏਂ ਦੀ ਮਿਹਰਬਾਨ ਮੁਸਕਾਣ ਪੰਚਾਂ ਵਾਲੇ ਬਰਛੇ ਦੇ ਜ਼ਖ਼ਮ ਤੇ ਫੋਹਾ ਰੱਖ ਰਹੀ ਸੀ...ਤੇ ਭਾਨੂੰ ਨੂੰ ਜ਼ਿੰਦਗੀ 'ਚ ਪਹਿਲੀ ਵਾਰ ਪਤਾ ਲਗਿਆ ਕਿ ਉਹ ਕਿਹੜੀ ਬਰਾਦਰੀ 'ਚੋਂ ਹੈ।

o o o


# ਖੇਤ ਮਜ਼ਦੂਰਾਂ ਲਈ ਸੂਚਨਾ

ਖੇਤ ਮਜ਼ਦੂਰਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਫਾਰਮ ਵਰਕਰਜ਼ ਜੱਥੇਬੰਦਕ ਕਮੇਟੀ ਦਾ ਦਫ਼ਤਰ ਖੁੱਲ੍ਹ ਗਿਆ ਹੈ। ਜੇ ਤੁਹਾਨੂੰ ਤਨਖ਼ਾਹ, U.I.C. ਜਾਂ COMPENSATION ਸਬੰਧੀ ਕੋਈ ਮੁਸ਼ਕਲ ਹੋਵੇ ਜਾਂ ਕੋਈ ਠੇਕੇਦਾਰ ਜਾਂ ਫਾਰਮਰ ਤੁਹਾਨੂੰ ਤੰਗ ਕਰ ਰਿਹਾ ਹੈ ਤਾਂ ਕਮੇਟੀ ਨੂੰ ਮਿਲੋ। ਤੁਹਾਡੀ ਹਰ ਤਰ੍ਹਾਂ ਨਾਲ ਮੱਦਦ ਕੀਤੀ ਜਾਵੇਗੀ।

ਕਮੇਟੀ ਖੇਤ ਮਜ਼ਦੂਰਾਂ ਦੀ ਯੂਨੀਅਨ ਬਨਾਉਣ ਲਈ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰ ਰਹੀ ਹੈ।

ਦਫ਼ਤਰ ਦਾ ਸਮਾਂ:
ਮੰਗਲਵਾਰ ਤੇ ਵੀਰਵਾਰ – 5 ਤੋਂ 8 ਵਜੇ ਤੱਕ
ਸ਼ਨਿਚਰਵਾਰ – ਦੁਪਹਿਰ 1 ਵਜੇ ਤੋਂ 5 ਵਜੇ ਤੱਕ
ਫੋਨ ਨੰਬਰ 521-5719 ਜਾਂ ਫੋਨ ਕਰੋ :–
ਰਾਜ ਚੌਹਾਨ (ਪ੍ਰਧਾਨ) 524-2703
ਚਰਨ ਗਿੱਲ (ਸਕੱਤਰ) 576-2307

## ਫਾਰਮ ਵਰਕਰਜ਼ ਜਥੇਬੰਦਕ ਕਮੇਟੀ

7705-6th STREET, BURNABY

# ਦੋ ਕਵਿਤਾਵਾਂ

ਨਾਜ਼ਮ ਹਿਕਮਤ (੧੯੦੨-੧੯੬੩)

## ਕਲਕੱਤੇ ਦਾ ਬੈਨਰਜੀ

ਮੇਰੀਆਂ ਅੱਖਾਂ 'ਚ ਸੋਨੇ ਦੀ ਬੂੰਦ ਜਿਹਾ
ਚਾਨਣ ਫੈਲਾਣ ਵਾਲਾ ਇਹ ਤਾਰਾ
ਜਦੋਂ ਪਹਿਲੋਂ ਪਹਿਲ ਇਹਨੇ ਸੁੰਨ ਦੇ ਇਸ
ਧੁੰਦੂਕਾਰੇ ਨੂੰ ਚੀਰਿਆ ਸੀ
ਇਸੇ ਧਰਤੀ 'ਤੇ ਉਦੋਂ ਆਕਾਸ਼ ਵੱਲ ਉੱਠੀ
ਇਕ ਵੀ ਅੱਖ ਨਹੀਂ ਸੀ...

ਤਾਰੇ ਓਦੋਂ ਪੁਰਾਣੇ ਸਨ
ਧਰਤੀ ਨਿਆਣੀ ਸੀ

ਤਾਰੇ ਦੂਰ ਹਨ
ਸਾਥੋਂ ਬਹੁਤ...ਬਹੁਤ ਦੂਰ
ਤੇ ਉਨ੍ਹਾਂ ਵਿਚਾਲੇ ਸਾਡੀ ਇਹ ਧਰਤੀ
ਕਿੰਨੀ ਨਿੱਕੀ ਹੈ — ਇਕ ਜ਼ੱਰਾ ਭਰ
ਬਾਰੀਕ ਬਹੁਤ ਬਾਰੀਕ ਇਕ ਬਿੰਦੂ

ਧਰਤੀ ਦੇ ਪੰਜ ਹਿੱਸੇ ਕਰਨ ਨਾਲ
ਉਹਦਾ ਇਕ ਹਿੱਸਾ ਬਣਦਾ ਹੈ ਏਸ਼ੀਆ
ਏਸ਼ੀਆ ਦੇ ਕਈ ਦੇਸਾਂ ਵਿਚ
ਇਕ ਦੇਸ ਹੈ ਭਾਰਤ
ਭਾਰਤ ਦੇ ਕਈ ਸ਼ਹਿਰਾਂ ਵਿਚ ਇਕ ਸ਼ਹਿਰ ਹੈ ਕਲਕੱਤਾ
ਓਸੇ ਕਲਕੱਤੇ ਦਾ ਇਕ ਆਦਮੀ ਹੈ
ਬੈਨਰਜੀ

ਤੁਸੀਂ ਮੈਥੋਂ ਇਹ ਖ਼ਬਰ ਸੁਣੋ
ਭਾਰਤ ਵਿਚ ਕਲਕੱਤੇ ਸ਼ਹਿਰ ਵਿਚ
ਇਕ ਆਦਮੀ ਦੀ ਗਤੀ ਅੱਜ ਰੁਕੀ ਹੋਈ ਹੈ।
ਉਨ੍ਹਾਂ ਬੇੜੀ ਪਹਿਨਾਈ ਹੈ
ਇਕ ਯਾਤਰੀ ਮਨੁੱਖ ਦੇ ਪੈਰਾਂ ਵਿਚ

ਨਿੱਮਲ ਆਕਾਸ਼ ਵਲ ਮੂੰਹ ਕਰਨ ਨੂੰ
ਮੇਰਾ ਚਿੱਤ ਨਹੀਂ ਕਰਦਾ
ਤਾਰੇ ਜੇ ਦੂਰ ਨੇ, ਤਾਂ ਰਹਿਣ ਪਏ
ਧਰਤੀ ਨਿੱਕੀ ਹੈ, ਤਾਂ ਹੋਵੇ ਪਈ
ਇਹ ਸਭ ਬੇਕਾਰ ਹੈ
ਇਸ ਨਾਲ ਕੀ ਹੁੰਦਾ ਏ

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ
ਮੇਰੇ ਲਈ ਉਸ ਤੋਂ ਵੀ ਅਚੰਭੇ ਵਾਲਾ
ਉਸ ਤੋਂ ਵੀ ਤਗੜਾ, ਉਸ ਤੋਂ ਵੀ ਕ੍ਰੋਤਹਾਰਾ
ਜ਼ੰਜੀਰੀਂ ਜਕੜਿਆ ਉਹ ਆਦਮੀ ਹੈ

## ਐਤਵਾਰ

ਅੱਜ ਐਤਵਾਰ ਹੈ

ਅਜ ਪਹਿਲੀ ਵਾਰ
ਉਨ੍ਹਾਂ ਮੈਨੂੰ ਧੁੱਪੇ ਆਉਣ ਦਿਤਾ ਹੈ
ਅਤੇ ਅਪਣੀ ਜ਼ਿੰਦਗੀ 'ਚ ਪਹਿਲੀ ਵਾਰ
ਮੈਂ ਆਕਾਸ਼ ਵਲ ਇਕ ਟਕ ਵੇਖੀ ਜਾ ਰਿਹਾਂ
ਹੈਰਾਨ
ਕਿ ਇਹ ਏਨਾ ਦੂਰ
ਏਨਾ ਵਿਸ਼ਾਲ
ਏਨਾ ਨੀਲਾ ਹੋ ਸਕਦੈ,

ਸਤਿਕਾਰ ਭਰਿਆ ਮੈਂ ਧਰਤੀ 'ਤੇ ਬੈਠਾਂ
ਚਿੱਟੀ ਕੰਧ ਨਾਲ ਢਾਸਣਾ ਲਾਈ
ਲਹਿਰਾਂ 'ਚ ਕੁੱਦਣ ਦਾ ਹੁਣ ਕੋਈ ਸਵਾਲ ਨਹੀਂ
ਨਾ ਜਦੋ-ਜਹਿਦ
ਨਾ ਆਜ਼ਾਦੀ, ਨਾ ਪਤਨੀ।
ਧਰਤੀ ਹੈ
ਸੂਰਜ ਹੈ
ਮੈਂ ਹਾਂ
ਮੈਂ ਬੜਾ ਖ਼ੁਸ਼ ਬੰਦਾ ਹਾਂ

[ਅਨੁ: ਅਮਰਜੀਤ ਚੰਦਨ

---

## ਕਿਹੋ ਜਿਹੇ ਸਮਿਆਂ ਵਿਚ

ਹਰਿਭਜਨ ਹਲਵਾਰਵੀ

ਮੈਂ ਅਕਸਰ ਸੋਚਿਆ ਕਰਦਾਂ
ਕਿਹੋ ਜਿਹੇ ਸਮਿਆਂ ਵਿਚ ਹਾਂ ਜੀ ਰਹੇ ਅਸੀਂ
ਜੇ ਜੀਣਾ ਇਸੇ ਦਾ ਨਾਂ ਹੈ
ਕਿ ਸਾਲਾਂ ਦੇ ਸਾਲ ਲੰਘ ਜਾਣ
ਸਾਥੋਂ ਉੱਕਾ ਹੀ ਬੇਖਬਰ
ਖਿਆਲ ਉਲਝ ਜਾਣ
ਕੁਝ ਸੰਸਿਆਂ ਦੀਆਂ ਗੁੰਝਲਾਂ ਸੁਲਝਾਉਂਦੇ ਹੋਏ
ਧੁੰਦਲੀ ਜਿਹੀ ਆਸ 'ਚੋਂ'
ਕਿਸੇ ਅਣਪਛਾਤੀ ਖੁਸ਼ੀ ਦੇ ਨਕਸ਼ ਫੜਦੇ ਹੋਏ ।

ਖੁਸ਼ੀ ਤਾਂ ਕਦੇ ਵੀ ਨਹੀਂ ਮਿਲੀ
ਸੱਜਰੇ ਖਿੜੇ ਫੁਲ ਦੀ ਖੁਸ਼ਬੋ ਵਾਂਗ
ਨਿਰਛਲ ਬਾਲੜੀ ਮੁਸਕਾਣ ਵਾਂਗ
ਤਪਦੀ ਜ਼ਮੀਨ 'ਤੇ
ਅਚਣਚੇਤ ਡਿਗੀਆਂ ਪਾਣੀ ਦੀਆਂ ਬੂੰਦਾਂ ਵਾਂਗ
ਇਹ ਤਾਂ ਜਦੋਂ ਵੀ ਮਿਲੀ ਹੈ
ਕਿਸੇ ਬਹੁਤ ਪੁਰਾਣੀ ਤੇ ਉਦਾਸ ਤਸਵੀਰ ਦੇ
ਬਰਫ਼ ਵਾਂਗ ਭਰੇ ਹੋਏ
ਸਫੈਦ ਤੇ ਬੇਨਕਸ਼
ਉਲਟੇ ਪਾਸੇ ਵਾਂਗ ਹੀ ਮਿਲੀ ਹੈ ।

ਇਹ ਸਭ ਉਂਜ ਹੀ ਕਿਉਂ ਨਹੀਂ
ਪਹਿਲੇ ਇਸ਼ਕ ਦੀ ਸ਼ਿੱਦਤ ਜਿਹਾ
ਇਹ ਸਭ ਇੰਜ ਹੀ ਕਿਉਂ ਹੈ
ਗਿੱਲੀ ਲਕੜੀ ਵਾਂਗ ਕੁਝ ਧੁਖਦਾ
ਜ਼ਿਹਨ ਵਿਚ ਭਰਦਾ ਦਮ ਘੁੱਟਵੀਂ ਹਵਾੜ ।

ਮੇਰੇ ਯਾਰੋ !
ਤੁਸੀਂ ਵੀ ਕਦੇ ਸੋਚਿਆ ਹੈ
ਕਿਹੋ ਜਿਹੇ ਸਮਿਆਂ ਵਿਚ ਹਾਂ ਜੀ ਰਹੇ ਅਸੀਂ ।

○ ○ ○

## ਟੱਕਰ

— ਅਮਰਜੀਤ ਚਾਹਲ

ਅਫ਼ਗਾਨਿਸਤੀ ਦਾ ਸਿੱਟਾ — ਟੱਕਰ
ਅਚਾਨਕ ਮੈਂ ਉਸ ਨਾਲ ਟਕਰਾਇਆ
ਸਿਰ ਉਪਰ ਚੁੱਕ
ਜਦ ਮੇਰੇ ਹੋਂਠ ਮੁਆਫ਼ੀ ਲਈ ਹਰਕਤ ਦੇਣ ਲੱਗੇ
ਤਦ ਉਸ ਦੇ ਅਭਿਮਾਨ ਵਿਚ ਸੁੰਗੜ ਗਏ।
ਤਦ ਮੇਰਾ ਦਿਲ ਕੀਤਾ
ਇਸ ਨਾਲ ਫਿਰ ਟਕਰਾਵਾਂ
ਤੇ ਵਾਰ ਵਾਰ ਟਕਰਾਵਾਂ।
ਸ਼ਾਇਦ ਸਾਡਾ ਕਸੂਰ ਹੀ ਇਹ ਹੈ
ਹਦ ਤੱਕ ਨਾ ਟਕਰਾਉਣਾ।

ਸੁਕਾਮਿਸ਼ / ਬੀ. ਸੀ.

## ਇਕ ਪਲ—ਇਕ ਅਹਿਸਾਸ

— ਨਰਿੰਦਰ ਭਾਗੀ

ਨਾ ਬਦਲੋ ਮੇਰੀ ਜ਼ਿੰਦਗੀ ਹਰ ਸਵੇਰੇ,
ਕਿਸੇ ਮੈਂ ਕਹਾਣੀ ਦਾ ਪਾਤਰ ਨਹੀਂ ਹਾਂ।
ਮੇਰੇ ਵਿਚ ਲੱਖਾਂ ਕਲੂਾਂ ਦੇ ਸੁਨੇਹੇ,
ਕਿਸੇ ਅੱਜ ਦਾ ਹੀ ਮੈਂ ਆਖਰ ਨਹੀਂ ਹਾਂ।
ਜੋ ਜਨਮਾਂ ਤੋਂ ਅਕਲਾਂ ਤੇ ਹਾਵੀ ਨੇ ਬੈਠੇ,
ਉਨ੍ਹਾਂ ਨੇਰਿਆਂ ਚੋਂ ਮੈਂ ਬਾਹਰ ਨਹੀਂ ਹਾਂ।
ਭੁਲਾਏ ਨਾ ਫੇਰ ਮੈਨੂੰ, ਸ਼ੋਹਰਤ ਦੇ ਦੁਨੀਆਂ,
ਤੇਰੇ ਮੰਦਰਾਂ ਦਾ ਮੈਂ ਨੌਕਰ ਨਹੀਂ ਹਾਂ।

ਜਿਹਨਾਂ ਬਣਕੇ ਮਾਲਕ ਮੁਕੱਦਰ ਘੜੀਦੇ
ਹਰ ਇਕ ਮੱਥੇ ਉੱਪੇ ਗਰੀਬੀ ਦੇ ਲਾਏ।
ਵਤਨ ਵੇਚ ਕੇ ਵੀ ਸ਼ਹੀਦਾਂ 'ਚ ਸ਼ਾਮਲ
ਜੋ ਗਿਰਜੇ ਨੂੰ ਲੁੱਟ ਕੇ ਵੀ ਦਾਨੀ ਕਹਾਏ।
ਮੈਂ ਤੇਰੇ ਉਨ੍ਹਾਂ ਬੰਦਿਆਂ ਚੋਂ ਨਹੀਂ ਹਾਂ,
ਜੋ ਹਮ-ਜਨਸ ਹੋ ਕੇ ਵੀ ਆਪਣੇ ਨਾ ਹੋਏ।
ਉਨ੍ਹਾਂ 'ਚੋਂ ਹਾਂ, ਤੇਰੇ ਰਿਵਾਜਾਂ ਦੇ ਹੱਥੋਂ,
ਜੋ ਜਨਮਾਂ ਤੋਂ ਲੈ ਕੇ ਅਜਲ ਤੀਕ ਰੋਏ।

ਜ਼ਮਾਨੇ ਮੇਰੇ ਬਾਗੋਂ ਕਲੀਆਂ ਨਾ ਤੋੜੀਂ,
ਜੋ ਇਸ ਆਦਮੀ ਦੀ ਹੈ ਗਰਦਨ ਸਜਾਉਂਦੀ।
ਜੇ ਹੈ ਕੀਲਣਾ ਏਹਨੂੰ ਮੇਖਾਂ ਦੇ ਲੈ ਜਾ,
ਜਾਂ ਗੋਤਾ ਜੋ ਇਹਦੀ ਚਿਤਾ ਅੱਗ ਲਾਉਂਦੀ।
ਨਹੀਂ ਤਾਂ ਕਦੀ ਮੇਰਾ ਮਾਲਕ ਜੋ ਮਿਲਿਆ,
ਮੇਰਾ ਇਕ ਛੋਟਾ ਸੁਨੇਹਾ ਸੁਣਾਈ।
ਕਹੀਂ, ਉਠ ਪਿਆਸਾ ਹਾਂ ਮੈਂ ਛੂਹਣ ਨੂੰ ਅੰਬਰ,
ਮੇਰੇ ਮਾਲਕਾ, ਆਪਣੀ ਗਰਦਨ ਬਚਾਈਂ।

ਵੈਨਕੂਵਰ / ਬੀ. ਸੀ.

## ਖੱਟੇ ਅੰਗੂਰ

— ਲਾਟ ਸ਼ਿੰਗਾਰ

ਜਦੋਂ ਵੀ ਕੋਈ ਰਾਹਾਂ ਦੇ ਚਿਸਤਨ ਤੇ
ਮੈਂ ਇਕ ਰਾਹ ਨੂੰ ਛੱਡ ਕੇ
ਦੂਸਰਾ ਰਾਹ ਫੜਿਆ ਹੈ
ਹਾਰ ਖਾਧੀ ਹੈ।

ਦੋ-ਸਰੀ ਦੀ ਖੇਡ ਵਾਂਗ
ਜਿਵੇਂ ਚਹੁੰ ਰੰਗਾਂ 'ਚੋਂ
ਸਿਰਫ਼ ਇਕ ਹੀ ਰੰਗ ਚੁਣਿਆ ਜਾ ਸਕਦਾ ਹੈ
ਰਾਹੀ ਇਕੱਲਾ ਹੁੰਦਾ ਹੈ
ਰਾਹ ਅਨੇਕ ਨੇ
ਕੇਵਲ ਇਕੋ ਹੀ ਰਾਹ ਤੇ ਚਲ ਸਕਦਾ ਹੈ
ਮੇਰੀ ਤਾਂ ਦੋ-ਸਰੀ ਦੀ ਖੇਡ 'ਚ ਵੀ
ਅਕਸਰ ਹਾਰ ਹੁੰਦੀ ਹੈ
ਜਿਹੜੇ ਰੰਗ ਦਾ ਵੀ ਪੱਤਾ ਚੁਣਿਆ ਹੈ
ਮੁੜ ਉਹ ਰੰਗ ਮੈਨੂੰ ਨਹੀਂ ਆਇਆ
ਜ਼ਿੰਦਗੀ ਅੱਜ ਫਿਰ ਇਕ ਦੋਰਾਹੇ ਤੇ ਆ ਖਲੋਤੀ ਹੈ
ਇਕ ਰਾਹ ਦੂਰ ਵਤਨ ਨੂੰ ਜਾਂਦਾ ਹੈ
ਦੂਜਾ ਵਤਨੋਂ ਦੂਰ ਲਿਜਾਂਦਾ ਹੈ।

ਜਿਸ ਕਿਸੇ ਨੇ ਵੀ
ਵਤਨ ਜਾਣੇ ਰਾਹ ਤੇ ਚਲਣ ਦੀ ਗੱਲ ਕੀਤੀ ਹੈ
ਸਭ ਨੇ ਉਸ ਦਾ ਮਜ਼ਾਕ ਉਡਾਇਆ ਹੈ
ਇਸੇ ਮਖੌਲ ਤੋਂ ਡਰਦਾ ਹੁਣ ਕੋਈ
ਉਸ ਰਾਹ ਤੇ ਚਲਣ ਦੀ ਗੱਲ ਨਹੀਂ ਕਰਦਾ
ਜੇ ਕਿਸੇ ਨੇ ਹਿੰਮਤ ਕੀਤੀ ਵੀ ਹੈ
ਜਾ ਕੇ ਵਤਨ ਰਹਿਣ ਦੀ
ਸੁਣਿਆ ਹੈ 'ਖੱਟੇ ਅੰਗੂਰ' ਕਹਿੰਦਾ ਹੋਇਆ
ਉਹ ਵਤਨੋਂ ਦੂਰ ਮੁੜਿਆ ਹੈ!

ਅੰਗੂਰ ਤਾਂ ਇਥੇ ਵੀ ਖੱਟੇ ਨੇ
ਫਰਕ ਏਨਾ ਹੈ
ਉਥੇ ਹੱਥ ਨਹੀਂ ਸੀ ਅੱਪੜਦਾ
ਇਥੇ ਹੱਥ ਅੱਪੜ ਜਾਂਦਾ ਹੈ
ਖੱਟੇ ਅੰਗੂਰਾਂ ਤੱਕ
ਤੇ ਅਸੀਂ ਸਾਰੇ
ਵੇਖੋ ਵੇਖੀ ਖਾਈ ਜਾਂਦੇ ਹਾਂ
ਇਨ੍ਹਾਂ ਖੱਟੇ ਅੰਗੂਰਾਂ ਨੂੰ!

ਐਡਮਿੰਟਨ

## ਅਜ਼ਾਦੀ

— ਪਰਮਜੀਤ ਦੇਹਲ

ਬਹੁਤ ਖੁਸ਼ ਹੋ ਤੁਸੀਂ!
ਤੇ ਸਮਝਦੇ ਹੋ ਆਪਣੇ ਆਪ ਨੂੰ
ਪੂਰਨ ਅਜ਼ਾਦ . . . . !
ਤੇ ਉੱਕਾ ਹੀ ਵਿਸਾਰ ਛੱਡੇ ਹੋ
ਆਪਣੇ ਮਨੋਂ . . . . !
- ਪਿੰਜਰੇ ਦੀ ਵਲਗਣ
ਖੰਭਾਂ ਦੀ ਫੜਫੜ . . . .
. . . . ਤੇ ਹੋਰ ਬਹੁਤ ਕੁਝ!
ਇਕ ਸੀਮਤ ਜਿਹੇ ਦਾਇਰੇ 'ਚ ਉਡਾਰੀ ਮਾਰ ਕੇ,
ਕਿਉਂ ਭੁੱਲ ਬੈਠੇ ਹੋ?
ਉਸ ਜ਼ੰਜੀਰ ਨੂੰ
ਜੋ ਜਕੜ ਰੱਖਦੀ ਹੈ
ਤੁਹਾਡੀਆਂ ਲੱਤਾਂ ਨੂੰ
ਪਿੰਜਰੇ ਦੀ ਵਲਗਣ
ਖੰਭਾਂ ਦੀ ਫੜਫੜ . . . .
ਸੜਿਆਂਦ ਜਿਹੇ ਵਾਤਾਵਰਣ ਨਾਲ . . .
ਤੇ ਫੇਰ ਤੁਸੀਂ ਖੁਸ਼ ਹੋ
ਤੇ ਸਮਝਦੇ ਹੋ ਆਪਣੇ ਆਪ ਨੂੰ
ਪੂਰਨ ਅਜ਼ਾਦ!

ਗੁਲਪੁਰ / ਹੁਸ਼ਿਆਰਪੁਰ

# ਗੀਤ

—ਮੰਗਤ ਰਾਏ

ਪੁੱਛ ਨਾ ਤੂੰ ਪੁੱਛ ਮੱਥੋਂ ਬੀਤੇ ਬਾਰੇ ਅੰਮੀਏਂ,
ਪੁੱਛ ਆਉਣ ਵਾਲੇ ਵੇਲੇ ਨੀ ਕਰਾਉਣਾ।
ਬੀਤੇ ਨੇ ਜੋ ਕੁੱਝ ਸਾਡਾ ਦੇਖ ਕੇ ਵੀ ਤੱਕਿਆ,
ਆਉਣ ਵਾਲੇ ਵੇਲੇ ਹੈ ਸੁਣਾਉਣਾ।
ਰੁੱਖਾਂ ਉਤੇ ਤਾਰੇ ਆਏ ਸੁੱਤਿਆਂ ਤੋਂ ਹੀ ਵੇਖਦੇ,
ਪਰ ਕਾਮਿਆਂ ਨੇ ਹੱਥ ਛੱਡੇ ਲੈ ਕੇ।
ਤੇਰਾ ਤਾਲਾ ਸਾਡਾ ਮੱਥੇ ਦਿੱਤਾ ਸੀ ਨੀ ਅੰਮੀਏ,
ਤਾਲੇ ਦੇ ਦਲੇਰ ਦੇ ਨੀ ਕਹਿ ਕੇ।
ਪੁੱਛਿਆ ਜਾਂ ਜਾਕੇ ਮੈਂ ਤਾਂ ਵੇਲੇ ਠੇਕੇਦਾਰ ਨੇ,
ਕਹਿੰਦਾ ਆਉਣ ਜਾਣ ਪਊਗਾ ਕਰਾਉਣਾ।
ਸਾਡੇ ਨਾਲ ਹੋਈ ਆ ਨੀ ਇਕੋ ਜੱਗੋਂ ਤੇਰ੍ਹਵੀਂ,
ਪੈਂਦਾ ਮੁੜਕੇ ਵੇ ਭਾੜਾ ਨੀ ਕਰਾਉਣਾ।

ਤੋੜਕੇ ਛੱਤਾਂ ਨੂੰ ਅਸੀਂ ਠੇਕੇਦਾਰੀ ਢਾਂਚੇ ਨੂੰ,
ਕਾਰਤੋਂ ਧੀਦਿਆਂ ਨੂੰ ਦੇਣਾ ਪਿਆਰਾ ਸਾਰੇ।
ਸਰਕਾਰ ਦੀ ਵੀ ਗੱਡੀ ਅਸੀਂ ਲੋਕਾਂ ਵਿਚ ਰੂਕਾਂਗੇ,
ਜੋ ਨਾ ਸਾਡੇ ਲਈ ਕਾਨੂੰਨ ਉਹ ਬਣਾਏ।
ਚੱਲ ਪਈ ਆ ਇਕ ਗੀਤ ਪੰਦਰਾਂ 'ਚ ਅੰਮੀਏਂ,
ਖੰਡਾ, ਗੋਲੀ ਅਤੇ ਸਾਣ ਨੂੰ ਚਲਾਉਣਾ।
ਪਰ ਤੂੰ ਦੇਸ਼ ਵਿਚੋਂ ਦਾ ਭਿਖਾਰ ਇਕ ਅੰਮੀਏ,
ਪੀਣਾ ਲਹੂ ਅਤੇ ਦਾਲੀ ਨੀ ਕਰਾਉਣਾ।

ਸਰਕਾਰ ਨੂੰ ਤਾਂ ਤੇਰਾ ਇੱਤ ਥੈਲੀਆ ਨੇ ਉਦੀਆ,
ਤਾਂ ਕਿ ਮਜ਼ਦੂਰਾਂ ਲਈ ਕਾਨੂੰਨ ਨਾ ਬਣਾਏ।
ਕਿਰਤਾ ਗਾਥਾ ਸਾਰੇ ਸਾਂਏ ਚੋਰਾਂ ਦੀਆਂ ਵਾਰੀਆਂ,
ਚੋਰ ਫਿਰ ਸੀਤ ਕਿਉਂ ਨਾ ਲਾਏ।
ਵੇਖਣਾ ਹੈ ਗਾਥਾ ਅਸੀਂ ਦੂਰ ਕਿਵੇਂ ਚੋਰਾਂ ਵੇਲੇ
ਪੜ੍ਹਨਾਂ ਅਸੀਂ ਲੋਕਾਂ ਨੂੰ ਸਿਖਾਉਣਾ।
ਆਉਂਦੇ ਨਹੀਉਂ ਬਾਜ਼ ਇਹ ਚੋਰ ਜੇ ਸ਼ਰਾਰਤੋਂ,
ਰਾਖੇ ਅਸੀਂ ਲੋਕਾਂ ਨੂੰ ਬਣਾਉਣਾ।

ਮਾਲਕਾਂ ਨੇ ਸਾਡੇ ਵਿਚ ਭੇਖ ਕੀਤੇ ਛੱਡੇ,
ਜਿਹੜੇ ਝਗੜੇ ਕਦੇਂ ਨੇ ਗਲ ਆਏ।
ਮਾਲਕਾਂ ਦੀ ਵਿਸਕੀ ਦੀ ਬੋਤਲ ਪਿਛੇ,
ਸਾਡੇ ਮੁੜਕੇ ਨਾਲ ਰਗ ਨੇ ਕਮਾਏ।
ਦੇਸ਼ ਦੇ ਜਾਂ ਤੱਖਿਆਂ ਨੂੰ ਚੰਗਾ ਨਹੀਉਂ ਹੋਣਾ,
ਲੋਕਾਂ ਪੈਰਾਂ ਵਿਚ ਸ਼ੱਤੇ ਨੂੰ ਦਬਾਉਣਾ।
ਵਿਚੋਂ ਦੀ ਸਿਆਸਤ ਹੈ ਲੋਕਾਂ ਨੂੰ ਤਾਂ ਛੱਡ ਕੇ,
ਲੋਕਾਂ ਦਾ ਹੈ ਭਾਗ ਕਰਾਉਣਾ।

ਮਿਸ਼ਨ / ਬੀ. ਸੀ.

# ਗਮ

—ਵਿਉਲ

ਅਹੁ ਚੱਲਿਆ, ਤੁਰ ਚੱਲਿਆ ਸੂਰਜ,
ਪ੍ਰਦੇਸੀ ਸ਼ਾਮ ਮੇਰੀ ਦਾ।
ਮੇਰੇ ਗਮ ਨੂੰ ਲੋਰੀ ਦੇ ਕੇ,
ਦਲ ਚੱਲਿਆ ਪਛਾਵਾਂ।

ਮੇਰੀ ਆਖਣ, ਗਮ ਦੀ ਸਾਖਣ
ਬੈਠ ਕੇ ਵਲ ਤੁਰ ਪਈ,
ਨਦੀਂ ਸਦੀ ਦੇ ਸਦਾਚਾਰ ਦੇ
ਪਾ ਕੇ ਗਲ ਵਿਚ ਬਾਹਵਾਂ।

ਮੇਰੇ ਕੋਲ ਜਗ੍ਹਾ ਨਹੀਂ ਕਿ
ਦੁੱਖ ਦੇ ਵਿੱਚ ਸਾਂਤਾਂ,
ਤੇਰੇ ਕੋਲ ਸਮਾਂ ਨਹੀਂ ਕਿ
ਬਹਿ ਕੇ ਸੁਣੇਂ ਕਥਾਵਾਂ।

ਜੀਤਾਂ ਵਾਲੇ ਮੋੜ ਮੋੜ ਤੇ
ਜੰਡੀਆਂ ਜੋੜੀ ਬੈਠੇ,
ਕੰਨਾਂ ਵਾਲਾ ਕੋਈ ਨਾ ਮਿਲਦਾ
ਕਿਸ ਨੂੰ ਦਿਲ ਸੁਣਾਵਾਂ।

ਆ ਕਿ ਇੰਤਜ਼ਾਰ ਦੀ ਸੀਮਾ
ਬਹੁਤ ਔਖੀ ਹੁੰਦੀ,
ਇਕ ਤਾਂ ਇਕੋ ਸਦਾ ਰਹੇਗਾ
ਮੈਂ ਭਾਵੇਂ ਤੁਰ ਜਾਵਾਂ।

ਬਹਿਣਾ ਮੈਨੂੰ ਗਮ ਨਾ ਆਇਆ
ਤੁਰਨਾ ਹੀ ਇਕ ਜੋਖਮ,
ਤੁਰਦੇ ਜਾਣਾ, ਤੁਰਦੇ ਜਾਣਾ
ਬਦਲ ਬਦਲ ਕੇ ਰਾਹਵਾਂ।

ਆਪਣੇ ਗਮ ਨੂੰ ਤੇਰੇ ਨਾਂ ਦੀ
ਕਸਮ ਖੁਆ ਕੇ ਤੁਰਿਆ,
ਫੇਰ ਕਿਵੇਂ ਮੈਂ ਹੋਰ ਰੁੱਖ ਦੀ
ਛਾਂ ਹੇਠਾਂ ਬਹਿ ਜਾਵਾਂ।

ਨਾ ਗਮ ਤੇਰੇ ਤੁਰ ਜਾਣ ਦਾ
ਨਾ ਗਮ ਆਪਣੇ ਗਮ ਦਾ,
ਗਮ ਤਾਂ ਹੈ ਕਿ ਮੋੜ ਮੋੜ ਤੇ
ਕੀ ਮੈਂ ਪੈਸਾ ਪਾਵਾਂ?

# ਗ਼ਜ਼ਲ

—ਗੁਰਬਖ਼ਸ਼ ਜੱਸ

ਜਦ ਵੀ ਸੱਚ ਦਾ ਕਤਲ ਹੋਇਆ ਤਦ ਚਲੀ ਸੁਕਰਾਤ ਦੀ ਗੱਲ,
ਭਾਵੇਂ ਹੋਇਆ ਸੋਨ-ਸਵੇਰਾ ਪਰ ਬਾਕੀ ਹੈ ਰਾਤ ਦੀ ਗੱਲ।
ਆਸਾਂ ਲਾਕੇ ਬੈਠੇ ਹਾਂ ਅਸੀਂ ਜਿਸ ਪਰਭਾਤ ਦੇ ਹੋਣ ਲਈ,
ਖੰਜਰ ਨਾਲ ਲਿਖੀ ਜਾਏਗੀ, ਉਸ ਨਵੀਂ ਪਰਭਾਤ ਦੀ ਗੱਲ।
ਸੁਫਨ ਵਾਲੇ ਦੀ ਰੂਹ ਵੀ ਕੰਬੀ, ਦਿਲ ਵੀ ਨਾਲੇ ਭਰ ਆਇਆ,
ਜਦ ਵੀ ਸੱਚ ਦੇ ਸਾਜ਼ ਦੇ ਉਤੇ ਛੇੜੀ ਮੈਂ ਹਾਲਾਤ ਦੀ ਗੱਲ।
ਇਕ ਮੁਸੀਬਤ ਮੁੱਕੀ ਸੀ ਇਕ ਹੋਰ ਅਗੇਰੇ ਆਈ ਹੈ,
ਕਿੰਝ ਕਰੀਏ ਇਸ ਦੌਰ ਦੇ ਅੰਦਰ, ਖੁਸ਼ੀਆਂ ਦੀ ਬਰਾਤ ਦੀ ਗੱਲ।
ਫੁੱਲ, ਕਲੀ ਤੇ ਚਮਨ ਦਾ ਚਰਚਾ ਬਹੁਤਾ ਸਾਨੂੰ ਜਚਦਾ ਨਹੀਂ,
ਜਦ ਵੀ ਆਪਾਂ ਸੁਣ ਲਈ ਪਾਰੋਂ, ਲੋਕਾਂ ਦੇ ਜਜ਼ਬਾਤ ਦੀ ਗੱਲ।
ਲੋਕਾਂ ਦੇ ਜਦ ਗਮ ਸੁਣਦੇ ਹਾਂ ਭੁੱਲ ਜਾਂਦੇ ਹਾਂ ਗਮ ਆਪਣੇ,
ਸੁੱਖ ਦਾ ਅਸਰ ਤਾਂ ਕੁੱਲ ਵੇਖਦੀ ਹੈ ਲੋਕਾਂ ਦੇ ਹਾਲਾਤ ਦੀ ਗੱਲ।

# ਦਰਪਣ – ਪ੍ਰਤੀ ਕਿਰਿਆ

ਵਤਨੋਂ ਦੂਰ ਦੇ ਜਨਵਰੀ-ਫਰਵਰੀ ਅੰਕ ਵਿਚ ਮੇਰੀ ਕਹਾਣੀ 'ਇਕ ਗੱਲ-ਉਹ ਗੱਲ' ਛਪੀ ਸੀ।

ਮਈ-ਜੂਨ "ਵਤਨੋਂ ਦੂਰ" ਅੰਕ ਵਿਚ ਉਸ ਬਾਰੇ ਰਜਿੰਦਰ ਜੋਤ ਦਾ ਖੱਤ ਛਪਿਆ ਸੀ। ਜਿਸ ਵਿਚ ਉਨ੍ਹਾਂ ਕਹਾਣੀ ਵਿਚ ਵਰਤੇ ਗਏ ਕਈ ਸ਼ਬਦਾਂ ਅਤੇ ਲਾਈਨਾਂ ਤੇ ਇਤਰਾਜ਼ ਕੀਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਅਜਿਹਾ "ਅਸ਼ਲੀਲ" ਨਹੀਂ ਛਾਪਣਾ ਚਾਹੀਦਾ। ਇਸ ਨੂੰ ਸਾਰਾ ਪਰਿਵਾਰ ਪੜ੍ਹਦਾ ਹੈ, ਭੈਣਾਂ ਪੜ੍ਹਦੀਆਂ ਹਨ ਜਾਂ ਕੋਈ ਹੋਰ।

ਉਨ੍ਹਾਂ ਦਾ ਇਤਰਾਜ਼ ਕਿਸੇ ਹੱਦ ਤੱਕ ਠੀਕ ਹੈ। ਇਸ ਦੀ ਮੈਂ ਕਦਰ ਕਰਦਾ ਹਾਂ। ਪਰ ਉਨ੍ਹਾਂ ਦਾ ਖੱਤ ਪੜ੍ਹਨ ਉਪਰੰਤ ਕੁੱਝ ਸਵਾਲ ਪੈਦਾ ਹੋ ਜਾਂਦੇ ਹਨ। ਸਾਹਿੱਤ ਕੀ ਹੈ? ਸਾਹਿੱਤ ਵਿਚ ਅਸ਼ਲੀਲਤਾ ਕੀ ਹੈ? ਰਿਸ਼ਤੇ ਕੀ ਹਨ???

ਉਂਝ ਤੇ ਇਨ੍ਹਾਂ ਸਵਾਲਾਂ ਬਾਰੇ ਪਹਿਲਾਂ ਹੀ ਕਈ ਸਾਹਿੱਤਕ ਚਿੰਤਕ ਬਹੁਤ ਕੁੱਝ ਲਿਖ ਚੁੱਕੇ ਹਨ। ਬਹੁਤ ਕੁੱਝ ਲਿਖਿਆ ਜਾ ਰਿਹਾ ਹੈ, ਤੇ ਲਿਖਿਆ ਜਾ ਸਕਦਾ ਹੈ। ਫਿਰ ਵੀ ਮੈਂ ਇਸ ਬਾਰੇ ਸੰਖੇਪ ਵਿਚ ਜੁਆਬ ਦੇਣਾ ਪਸੰਦ ਕਰਾਂਗਾ।

ਸਾਹਿਤ ਕਿਸੇ ਕੌਮ ਜਾਂ ਸਮਾਜ ਦਾ ਆਇਨਾ ਹੈ। ਉਸ ਵਿਚ ਉਸਦਾ ਜਿਹੋ ਜਿਹਾ ਚਿਹਰਾ-ਮੁਹਰਾ ਹੋਵੇਗਾ ਉਹੋ ਜਿਹਾ ਹੀ ਦਿਸੇਗਾ। ਇਸ ਸੱਚ ਨੂੰ ਬਿਆਨਣ ਲਈ ਸ਼ਬਦਾਂ ਦੀ ਜ਼ਰੂਰਤ ਪੈਂਦੀ ਹੈ ਤੇ ਸ਼ਬਦ ਕਦੇ ਅਸ਼ਲੀਲ ਨਹੀਂ ਹੁੰਦੇ। ਉਹ ਲੋਕਾਂ ਵਾਂਗ ਹੁੰਦੇ ਹਨ। ਅਤੇ ਜਿਸ ਸਮਾਜ ਵਿਚ ਉਹ ਰਹਿ ਰਹੇ ਹੋਣ ਉਸ ਵਰਗੇ।

ਉਹ ਸ਼ਬਦ ਜੋ ਕਿਸੇ ਨੂੰ ਬੁਰਾਈ ਲਈ ਉਕਸਾਉਣ ਲਈ ਵਰਤੇ ਜਾਣ — ਉਹ ਗਲਤ ਵਰਤੋਂ ਕਾਰਨ ਅਸ਼ਲੀਲ ਜਾਪਣ ਲੱਗ ਪੈਂਦੇ ਹਨ। ਉਸ ਕਹਾਣੀ ਵਿਚ ਕੋਈ ਪੈਰਾਗ੍ਰਾਫ਼ ਅਜਿਹਾ ਨਹੀਂ ਜੋ ਕਿਸੇ ਨੂੰ ਮਾੜਾ ਜਾਂ ਉਕਸਾਊ ਕੰਮ ਕਰਨ ਲਈ ਉਤਸ਼ਾਹਿਤ ਕਰੇ। ਇਸ ਦੇ ਉਲਟ ਅਸਲੀਅਤ ਕੀ ਹੈ, ਸਪਸ਼ਟ ਹੁੰਦੀ ਹੈ। ਆਪਣੀ ਜ਼ੁਬਾਨ ਜੋ ਹਰ ਰੋਜ਼ ਬੋਲੀ ਜਾਂਦੀ ਹੈ। ਉਸ ਤੋਂ ਦੂਰ ਹੋ ਕੇ ਰਚਿਆ ਗਿਆ ਸਾਹਿੱਤ ਕਿਹੋ ਜਿਹਾ ਹੋਵੇਗਾ?

ਚੰਗੀ ਗੱਲ ਤਾਂ ਇਹ ਸੀ ਕਿ ਉਸ ਪੈਰੇ ਦੀ ਇਕ ਲਾਇਨ ਨੂੰ ਸਮਝਣ ਦੀ ਬਜਾਏ - ਸਾਰੇ ਨੂੰ ਹੀ ਧਿਆਨ ਨਾਲ ਪੜ੍ਹਿਆ ਜਾਂਦਾ। ਉਂਝ ਤੇ ਕਈ ਲੋਕਾਂ ਲਈ 'ਟੰਗਾਂ' ਹੀ ਨਹੀਂ 'ਭੈਣ ਜੀ' ਸ਼ਬਦ ਵੀ ਅਸ਼ਲੀਲ ਜਿਹਾ ਭਾਵ ਉਜਾਗਰ ਕਰ ਕੇ ਰਹਿ ਜਾਂਦਾ ਹੈ।

ਸਾਹਿੱਤ ਇਕ ਉਹ ਨਸ਼ੱਤਰ ਵੀ ਹੈ ਜੋ ਨਾਸੂਰ ਥਾਂ 'ਤੇ ਜਦ ਲਗਦਾ ਹੈ ਤਾਂ ਅਜਿਹਾ ਅਸਹਿ ਪੀੜ ਹੁੰਦੀ ਹੈ। ਸਾਡੇ ਸਮਾਜ ਦਾ ਇਕ ਤਬਕਾ ਹਿੱਸਾ ਉਹ ਵੀ ਹੈ ਜਿਸ ਨੂੰ ਖੁਰਾਕ ਨਾਲੋਂ - ਗਾਲ੍ਹਾਂ ਖਾਣ ਲਈ ਜ਼ਿਆਦਾ ਮਿਲਦੀਆਂ ਹਨ। ਫਿਰ ਗਾਲ੍ਹਾਂ ਉਨ੍ਹਾਂ ਵਾਸਤੇ ਅਸ਼ਲੀਲਤ ਜਿਹਾ ਕੋਈ ਭਾਵ ਨਹੀਂ ਰੱਖਦੀਆਂ — ਅਸ਼ਲੀਲਤਾ 'ਰੋਟੀ' ਤੋਂ ਬਾਅਦ ਸ਼ੁਰੂ ਹੁੰਦੀ ਹੈ।

ਰਿਸ਼ਤੇ ਕੀ ਹਨ? ਜੇਕਰ ਇਸ ਦਾ ਵਿਗਿਆਨਕ ਅੰਕੜਾਤਮਕ ਮੁਲੰਕਣ ਕਰੀਏ ਤਾਂ ਇਸ ਵਾਸਤੇ ਇਕ ਵੱਖਰੇ ਆਰਟੀਕਲ ਦੀ ਲੋੜ ਹੈ। ਫਿਰ ਵੀ ਮੈਂ ਇਤਨਾ ਜ਼ਰੂਰ ਕਹਿ ਦੇਣਾ ਚਾਹੁੰਦਾ ਹਾਂ। ਕਿ ਤੁਸੀਂ ਸ਼ਾਇਦ ਅਚੇਤ ਹੀ ਉਨ੍ਹਾਂ ਨੂੰ (ਸਾਰਾ ਪਰਿਵਾਰ, ਭੈਣਾਂ ਜਾਂ ਕੋਈ ਹੋਰ) ਆਪਣੇ ਨਾਲੋਂ ਕਮਜ਼ੋਰ ਸਮਝ ਗਏ ਹੋ। ਦੁਨੀਆਂ ਦੇ ਸੁਹੱਪਣ ਅਤੇ ਕੋਝ ਤੋਂ ਇਕ ਦਿਨ ਉਨ੍ਹਾਂ ਜਾਣੂ ਹੋਣਾ ਹੀ ਹੈ, ਉਨ੍ਹਾਂ ਨੂੰ ਇਸ ਤੋਂ ਵਾਂਝੇ ਰੱਖਣ ਦੀ ਥਾਂ - ਇਹ ਜਾਨਣ ਦੇਣਾ, ਕਿਉਂ, ਕਿਵੇਂ ਪੈਦਾ ਹੁੰਦਾ ਹੈ। ਹੋਰ ਵੀ ਚੰਗੀ ਗੱਲ ਹੈ।

ਫਿਰ ਵੀ ਮੈਨੂੰ ਅਫ਼ਸੋਸ ਹੈ ਜੇਕਰ ਉਹ ਕਹਾਣੀ ਉਨ੍ਹਾਂ ਦੇ ਜਜ਼ਬਾਤਾਂ ਨੂੰ ਠੀਕ ਤਰ੍ਹਾਂ ਨਹੀਂ ਛੂਹ ਸਕੀ। ਮੈਂ ਚਾਹਾਂਗਾ ਉਹ ਇਸ ਨੂੰ ਇਕ ਵਾਰ ਫੇਰ ਧਿਆਨ ਨਾਲ ਪੜ੍ਹਨ।

ਅਮਰਜੀਤ ਚਾਹਲ

# ਕਮਿਊਨਿਟੀ ਮਸਲੇ

-ਉਜੱਲ ਦੁਸਾਂਝ

ਖੇਤ ਮਜ਼ਦੂਰਾਂ ਦੇ ਹੱਕਾਂ ਲਈ ਜੱਦੋਜਹਿਦ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਹਜ਼ਾਰਾਂ ਮਜ਼ਦੂਰ ਅਤੇ ਉਹਨਾਂ ਦੇ ਹਮਦਰਦੀ ਇਸ ਜੱਦੋਜਹਿਦ ਨੂੰ ਕਾਮਯਾਬ ਕਰਨ ਵਿਚ ਰੁਝੇ ਹੋਏ ਹਨ। ਇਹ ਘੋਲ ਇਕ ਹਾਂ-ਪੱਖੀ ਘੋਲ ਹੈ। ਕਈ ਵਿਅਕਤੀ ਅਤੇ ਸੰਸਥਾਵਾਂ ਇਹ ਮਹਿਸੂਸ ਕਰਦੀਆਂ ਹਨ। ਕਿ ਇਹ ਸਾਰੀ ਮੁਹਿੰਮ ਸਿਰਫ ਠੇਕੇਦਾਰਾਂ ਦੇ ਖ਼ਿਲਾਫ਼ ਹੀ ਹੈ। ਇਹ ਭਾਵਨਾ ਇਕ ਤੰਗ ਦ੍ਰਿਸ਼ਟੀਕੋਣ ਦਾ ਨਤੀਜਾ ਹੈ। ਖੇਤ ਮਜ਼ਦੂਰਾਂ ਦੇ ਹੱਕਾਂ ਲਈ ਘੋਲ ਇਸ ਤੋਂ ਕਿਤੇ ਹੀ ਜ਼ਿਆਦਾ ਮਹੱਤਤਾ ਰੱਖਦਾ ਹੈ ਅਤੇ ਸਾਨੂੰ ਇਸ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ।

ਖੇਤ ਮਜ਼ਦੂਰਾਂ ਨੂੰ ਅੱਜ ਤੋਂ ਕੁੱਝ ਸਾਲ ਪਹਿਲਾਂ ਬਾਕੀ ਮਜ਼ਦੂਰਾਂ ਵਾਂਗ ਸੰਗਠਿਤ ਹੋ ਕੇ ਯੂਨੀਅਨ ਬਣਾਉਣ ਦਾ ਵੀ ਹੱਕ ਨਹੀਂ ਸੀ। ਕੰਮ ਦੇ ਘੰਟਿਆਂ ਪ੍ਰਤੀ ਕਾਨੂੰਨ, ਘੱਟ ਤੋਂ ਘੱਟ ਤਨਖਾਹ, ਛੁੱਟੀਆਂ ਪ੍ਰਤੀ ਕਾਨੂੰਨ, ਓਵਰ-ਟਾਇਮ ਪ੍ਰਤੀ ਕਾਨੂੰਨ ਅਤੇ ਹੋਰ ਬੁਨਿਆਦੀ ਕਾਨੂੰਨ ਜਿਹੜੇ ਬਾਕੀ ਮਜ਼ਦੂਰਾਂ ਉਤੇ ਲਾਗੂ ਹੁੰਦੇ, ਉਹ ਅਜੇ ਵੀ ਖੇਤ ਮਜ਼ਦੂਰਾਂ ਉੱਪਰ ਲਾਗੂ ਨਹੀਂ ਹੁੰਦੇ।

ਇਹ ਬੜੀ ਦਿਲਚਸਪ ਗੱਲ ਹੈ ਕਿ ਕੇਂਦਰੀ ਸਰਕਾਰ ਅਤੇ ਸੂਬਾਈ ਸਰਕਾਰਾਂ ਇਸ ਮਸਲੇ ਨਾਲ ਅੱਜ ਤੱਕ ਫੁੱਟਬਾਲ ਖੇਡਦੀਆਂ ਆਈਆਂ ਹਨ। ਕਿਉਂਕਿ ਇਮੀਗਰੇਸ਼ਨ ਦੇ ਮਸਲੇ ਵਾਂਗ ਹੀ ਖੇਤੀਬਾੜੀ ਦੇ ਮਸਲੇ ਦੇ ਸਬੰਧ ਵਿਚ ਵੀ ਦੋਨੋਂ ਸਰਕਾਰਾਂ ਹੀ ਕਾਨੂੰਨ ਬਣਾ ਸਕਦੀਆਂ ਹਨ। ਜਦੋਂ ਵੀ ਸੂਬਾਈ ਸਰਕਾਰ ਪਾਸ ਖੇਤ ਮਜ਼ਦੂਰਾਂ ਦੀ ਆਵਾਜ਼ ਪੁੱਜੀ - ਉਹਨੀਂ ਇਸ ਨੂੰ ਕੇਂਦਰੀ ਮਸਲਾ ਕਹਿ ਕੇ ਟਾਲ ਦਿੱਤਾ। ਜਦੋਂ ਕੇਂਦਰੀ ਸਰਕਾਰ ਪਾਸ ਇਹ ਮਸਲਾ ਉਠਾਇਆ ਗਿਆ ਤਾਂ ਉਹਨੀਂ ਇਸ ਨੂੰ ਸੂਬਾਈ ਸਰਕਾਰ ਦੀ ਜ਼ਿੰਮੇਵਾਰੀ ਆਖ ਕੇ ਪਰੇ ਵਗਾਹ ਮਾਰਿਆ।

ਇਹ ਸਮਝਣਯੋਗ ਗੱਲ ਹੈ ਕਿ ਜਾਗੀਰਦਾਰੀ ਸਮਾਜ ਵਿਚ ਖੇਤ ਮਜ਼ਦੂਰਾਂ ਅਤੇ ਘਰੇਲੂ ਮਜ਼ਦੂਰਾਂ ਨੂੰ ਜੱਦੀ ਵਸਤਾਂ ਸਮਝਿਆ ਜਾਂਦਾ ਸੀ। ਅੱਜ ਦੇ ਕੈਨੇਡੀਅਨ ਸਮਾਜ ਵਿਚ ਇਹ ਗੱਲ ਅਜੀਬ ਲਗਦੀ ਹੈ। ਪਰ ਫਿਰ ਵੀ ਖੇਤੀ-ਬਾੜੀ ਦੇ ਮੋਹਰੀਆਂ ਦਾ ਪਲੜਾ ਸਦਾ ਖੇਤ ਮਜ਼ਦੂਰਾਂ ਦੇ ਪਲੜੇ ਨਾਲੋਂ ਇਥੇ ਭਾਰੀ ਰਿਹਾ ਹੈ। ਇਸ ਲਈ ਜਦੋਂ ਬਾਕੀ ਮਜ਼ਦੂਰਾਂ ਨੂੰ ਬਹੁਤ ਸਾਰੇ ਲੋੜੀਂਦੇ ਹੱਕ ਹਾਸਲ ਹਨ - ਖੇਤ ਮਜ਼ਦੂਰਾਂ ਅਤੇ ਘਰੇਲੂ ਮਜ਼ਦੂਰਾਂ ਨੂੰ ਇਹਨਾਂ ਹੱਕਾਂ ਤੋਂ ਵਾਂਝਿਆ ਰੱਖਿਆ ਗਿਆ।

ਖੇਤ ਮਜ਼ਦੂਰ ਕਈ ਸਾਲਾਂ ਤੋਂ ਹੱਕਾਂ ਲਈ ਆਵਾਜ਼ ਉਠਾਉਂਦੇ ਆ ਰਹੇ ਹਨ। ਇਹ ਬੜੀ ਚੰਗੀ ਗੱਲ ਹੈ। ਉਹਨਾਂ ਦੀ ਜੱਦੋਜਹਿਦ ਹੁਣ ਬੜੇ ਜਥੇਬੰਦਕ ਤਰੀਕੇ ਨਾਲ ਉੱਭਰ ਕੇ ਅੱਗੇ ਆਈ ਹੈ। ਅਤੇ ਯਕੀਨਨ ਹੀ ਇਸ ਨੂੰ ਕਾਮਯਾਬੀ ਹੋਵੇਗੀ।

ਪਹਿਲਾਂ ਆਖਿਆ ਜਾ ਚੁੱਕਾ ਹੈ ਕਿ ਖੇਤ-ਮਜ਼ਦੂਰਾਂ ਦੇ ਹੱਕਾਂ ਦਾ ਮਸਲਾ ਕੇਂਦਰੀ ਅਤੇ ਸੂਬਾਈ ਸਰਕਾਰਾਂ ਦੇ ਦਰਮਿਆਨ ਇਕ ਫੁੱਟਬਾਲ ਬਣ ਕੇ ਰਹਿ ਗਿਆ ਸੀ। ਫਿਰ 1972-1975 ਤੱਕ ਐਨ. ਡੀ. ਪੀ. ਦੀ ਸਰਕਾਰ ਨੇ ਇਕ ਵਿਧਾਨ ਅਸੈਂਬਲੀ ਦੀ ਕਮੇਟੀ ਇਸ ਮਸਲੇ ਉੱਪਰ ਸਥਾਪਿਤ ਕੀਤੀ। ਇਸ ਕਮੇਟੀ ਦੀ ਰੀਪੋਰਟ 1975 ਵਿਚ ਬਾਹਰ ਆਈ - ਜਿਸ ਵਿਚ ਇਹਨਾਂ ਮਜ਼ਦੂਰਾਂ ਨੂੰ ਵੀ ਬਾਕੀ ਮਜ਼ਦੂਰਾਂ ਦੇ ਬਰਾਬਰ ਹੱਕ ਦਿੱਤੇ ਜਾਣ ਲਈ ਆਖਿਆ ਗਿਆ ਸੀ। ਜੇ ਐਨ. ਡੀ. ਪੀ. 1975 'ਚ ਦੁਬਾਰਾ ਤਾਕਤ ਵਿਚ ਆ ਜਾਂਦੀ ਤਾਂ ਨਿਰਸੰਦੇਹ ਇਹ ਮਸਲਾ ਹੱਲ ਹੋ ਜਾਣਾ ਸੀ। ਕਿਉਂਕਿ ਪਹਿਲਾਂ ਹੀ 1972-75 ਵਿਚ ਇਹਨਾਂ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦਾ ਹੱਕ ਹਾਸਲ ਹੋ ਚੁੱਕਾ ਸੀ। ਅਤੇ ਉਸ ਪਾਰਟੀ ਦੀ ਪਾਲਿਸੀ ਸਿੱਧੇ ਤੌਰ ਤੇ ਖੇਤ ਮਜ਼ਦੂਰਾਂ ਦੇ ਹੱਕ ਵਿਚ ਆਵਾਜ਼ ਉਠਾਉਂਦੀ ਹੈ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ - ਖੇਤ ਮਜ਼ਦੂਰਾਂ ਦਾ ਘੋਲ ਇਕ ਹਾਂ-ਪੱਖੀ ਘੋਲ ਹੈ। ਇਸ ਘੋਲ ਦਾ ਟੀਚਾ ਮਜ਼ਦੂਰਾਂ ਲਈ ਹੱਕ ਲੈਣੇ ਹਨ। ਹੋ ਸਕਦਾ ਹੈ ਇਸ ਵਿਚ ਠੇਕੇਦਾਰਾਂ ਨੂੰ ਸੱਟ ਵੱਜੇ। ਇਹ ਗੱਲ ਬੜੀ ਕੁਦਰਤੀ ਹੈ ਕਿ ਜੇ ਮਜ਼ਦੂਰਾਂ ਨੂੰ ਪੂਰੀਆਂ ਤਨਖਾਹਾਂ ਆਦਿ ਕਾਨੂੰਨ ਅਨੁਸਾਰ ਮਿਲਣ ਲੱਗ ਪੈਣ ਤਾਂ ਇਸ ਸਾਰੇ ਮਸਲੇ ਚੋਂ ਠੇਕੇਦਾਰਾਂ ਦਾ ਬਾਹਰ ਨਿਕਲਣਾ ਜ਼ਰੂਰੀ ਹੀ ਹੋ ਜਾਵੇਗਾ - ਭਾਵ ਕਿ ਠੇਕੇਦਾਰਾਂ ਦਾ ਰੋਲ ਜੇ ਰਹੇ ਤਾਂ ਅੱਜ ਵਾਲਾ ਨਹੀਂ ਕੋਈ ਹੋਰ ਰੋਲ ਭਾਵੇਂ ਹੋ ਸਕੇ। ਠੇਕੇਦਾਰ ਇਸ ਮਸਲੇ ਵਿਚ ਕਿਸੇ ਦੀ ਭਲਾਈ ਲਈ ਠੇਕੇਦਾਰੀ ਨਹੀਂ ਕਰਦੇ - ਉਹ ਆਪਣੇ ਲਾਭ ਲਈ ਇਹ ਕੰਮ ਕਰਦੇ ਹਨ। ਜੇ ਖੇਤ ਮਜ਼ਦੂਰਾਂ ਨੂੰ ਉਹਨਾਂ ਦੇ ਪੂਰੇ ਹੱਕ ਦਿੱਤੇ ਜਾਣ ਤਾਂ ਨਿਰਸੰਦੇਹ ਠੇਕੇਦਾਰਾਂ ਦਾ ਲਾਭ ਕੱਟਿਆ ਜਾਵੇਗਾ। ਫਿਰ ਠੇਕੇਦਾਰਾਂ ਕੋਲ ਦੋ ਰਾਹ ਹੋਣਗੇ। ਜਾਂ ਤਾਂ ਹੋਰ ਕੋਈ ਰਾਹ ਮੁਨਾਸਬ ਪੈਸੇ ਬਣਾਉਣ ਦਾ ਉਹ ਲੱਭਣਗੇ। ਜਾਂ ਫਿਰ ਉਹ ਖੇਤਾਂ ਵਿਚ ਆਪ ਕੰਮ ਕਰਨਗੇ - ਜਿਹੜੀ ਕੋਈ ਮਾੜੀ ਗੱਲ ਨਹੀਂ। ਕੁੱਝ ਠੇਕੇਦਾਰਾਂ ਦਾ ਕਹਿਣਾ ਹੈ ਕਿ ਜੇ ਮਜ਼ਦੂਰਾਂ ਨੂੰ ਉਹਨਾਂ ਦੇ ਹੱਕ ਮਿਲ ਗਏ ਤਾਂ ਠੇਕੇਦਾਰਾਂ ਦਾ ਨਫ਼ਾ ਬਹੁਤ ਘੱਟ ਹੋ ਜਾਣਾ ਹੈ। ਆਖਿਰ ਖਤਮ ਹੀ ਹੋ ਜਾਵੇਗਾ। ਇਸ ਦੇ ਜਵਾਬ ਵਿਚ ਸਿਰਫ ਇਹ ਹੀ ਕਿਹਾ ਜਾ ਸਕਦਾ ਹੈ - ਖੇਤ ਮਜ਼ਦੂਰਾਂ ਦੇ ਖੂਨ ਪਸੀਨੇ ਦੀ ਕਮਾਈ ਉਹਨਾਂ ਨੂੰ ਮਿਲਣੀ ਚਾਹੀਦੀ ਹੈ। ਜੇ ਇਸ ਨਾਲ ਠੇਕੇਦਾਰਾਂ ਨੂੰ ਨਫ਼ਾ ਨਹੀਂ ਹੁੰਦਾ - ਤਾਂ ਉਹ ਠੇਕੇਦਾਰੀ ਛੱਡ ਕੇ ਖੇਤ ਮਜ਼ਦੂਰ ਬਣ ਸਕਦੇ ਹਨ। ਉਹ ਐਸਾ ਕਰਨ ਲਈ ਆਜ਼ਾਦ ਹਨ। ਪਰ ਉਨ੍ਹਾਂ ਦੇ ਨਫ਼ੇ ਲਈ ਖੇਤ ਮਜ਼ਦੂਰਾਂ ਦੀਆਂ ਤਕਲੀਫ਼ਾਂ ਨੂੰ ਹੋਰ ਲੰਮਾ ਨਹੀਂ ਕੀਤਾ ਜਾ ਸਕਦਾ।

ਸਮਾਜ ਵਿਚ ਜਦੋਂ ਵੀ ਖੇਤ ਮਜ਼ਦੂਰਾਂ ਦੇ ਹੱਕਾਂ ਦੇ ਘੋਲ ਵਰਗਾ ਹਾਂ-ਪੱਖੀ ਘੋਲ ਹੋਵੇ ਤਾਂ ਉਹ ਬੁਰਾਈਆਂ ਨੂੰ ਦੂਰ ਕਰਦਾ ਹੈ। ਠੇਕੇਦਾਰੀ ਢਾਂਚਾ ਇਕ ਬਹੁਤ ਵੱਡੀ ਬੁਰਾਈ ਹੈ। ਖੇਤ ਮਜ਼ਦੂਰਾਂ ਦੇ ਹੱਕ ਨਾ ਹੋਣੇ ਵੀ ਬੁਰਾਈ ਹੈ। ਅੱਜ ਦੀ ਚਲ ਰਹੀ ਕਿਸਮ ਦਾ ਠੇਕੇਦਾਰੀ ਖੇਤ ਮਜ਼ਦੂਰਾਂ ਨੂੰ ਉਹਨਾਂ ਦੇ ਵਾਜਬ ਹੱਕ ਮਿਲਣ ਪਰ ਖਤਮ ਹੋ ਜਾਵੇਗਾ। ਇਸੇ ਕਰਕੇ ਹੀ ਇਕ ਇਸੇ ਕਰਕੇ ਹੀ ਇਕ ਹਾਂ-ਪੱਖੀ ਜੱਦੋਜਹਿਦ ਹੈ।

→

# ਭਾਰਤੀ ਇਨਕਲਾਬ ਦਾ ਮਹਾਨ ਜੋਧਾ - ਜਗਮੋਹਨ ਜੋਸ਼ੀ

— ਰਾਜ ਚੌਹਾਨ



ਭਾਰਤੀ ਮਜ਼ਦੂਰ ਸਭਾ (ਗ.ਬ.) ਦੇ ਜਨਰਲ ਸਕੱਤਰ, ਸਾਥੀ ਜਗਮੋਹਨ ਜੋਸ਼ੀ ਦਾ, 3 ਜੂਨ 1979 ਨੂੰ ਦਿਲ ਦਾ ਦੌਰਾ ਪੈਣ ਕਰਕੇ ਦਿਹਾਂਤ ਹੋ ਗਿਆ। ਮਰਨ ਤੋਂ ਇੱਕ ਘੰਟਾ ਪਹਿਲਾਂ ਸਾਥੀ ਜੋਸ਼ੀ 4000 ਕਾਮਿਆਂ ਦੇ ਇੱਕ ਖਾੜਕੂ ਜਲੂਸ, ਜੋ ਕਿ ਨਸਲਵਾਦ ਤੇ ਪੁਲਸ ਤਸ਼ੱਦਦ ਵਿਰੁੱਧ ਕੱਢਿਆ ਜਾ ਰਿਹਾ ਸੀ, ਦੀ ਅਗਵਾਈ ਕਰ ਰਹੇ ਸਨ। ਉਹਨਾਂ ਨੂੰ ਵਿਕਟਸ ਹਸਪਤਾਲ ਲਿਜਾਇਆ ਗਿਆ ਪਰ ਭਾਰਤੀ ਕਮਿਊਨਿਟੀ ਦਾ ਇਹ ਬੱਬਰ ਸ਼ੇਰ ਦੁਪਹਿਰ 2.30 ਵਜੇ ਸਦਾ ਦੀ ਨੀਂਦ ਸੌਂ ਗਿਆ।

ਸਾਥੀ ਜੋਸ਼ੀ ਬਚਪਨ ਤੋਂ ਹੀ ਭਾਰਤੀ ਕਾਮਿਆਂ ਤੇ ਕਿਸਾਨਾਂ ਦੀ ਲੋਕ ਜਮਹੂਰੀ ਇਨਕਲਾਬੀ ਲਹਿਰ ਵਿੱਚ ਹਿੱਸਾ ਲੈਂਦੇ ਆ ਰਹੇ ਹਨ। 15 ਸਾਲ ਦੀ ਉਮਰ ਵਿੱਚ ਜਦ ਉਹ ਭਾਰਤ ਵਿੱਚ ਸਨ ਤਾਂ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਰੋਜ਼ਾਨਾ ਉਰਦੂ ਦੇ ਅਖਬਾਰ "ਨਯਾ ਜ਼ਮਾਨਾ" ਵਿੱਚ ਆਪਣੀਆਂ ਰਚਨਾਵਾਂ ਲਿਖਿਆ ਕਰਦੇ ਸਨ। 1958 ਵਿੱਚ ਜਦ ਉਹ ਇੰਗਲੈਂਡ ਆਏ ਤਾਂ ਉਹਨਾਂ ਨੇ ਸਿਰਫ ਭਾਰਤੀ ਮਜ਼ਦੂਰ ਸਭਾ ਦੀ ਬਰਮਿੰਘਮ ਬਰਾਂਚ ਵਿੱਚ ਹੀ ਵਧ ਚੜ੍ਹਕੇ ਹਿੱਸਾ ਨਹੀਂ ਲਿਆ ਬਲਕਿ ਸਮੁੱਚੀ ਮਜ਼ਦੂਰ ਜਮਾਤ ਦੇ ਘੋਲਾਂ ਵਿੱਚ ਵਧ ਚੜ੍ਹਕੇ ਹਿੱਸਾ ਲਿਆ। 1964 ਵਿੱਚ ਉਹ ਭਾਰਤੀ ਮਜ਼ਦੂਰ ਸਭਾ [I.W.A.(G.B.)] ਦੇ ਜਨਰਲ ਸਕੱਤਰ ਚੁਣੇ ਗਏ ਤੇ ਆਖਰੀ ਦਮ ਤੱਕ ਇਸ ਜ਼ਿੰਮੇਵਾਰੀ ਨੂੰ ਬੜੀ ਨਿਪੁੰਨਤਾ ਨਾਲ ਨਿਭਾਇਆ। ਉਹਨਾਂ ਹਮੇਸ਼ਾਂ ਬਰਤਾਨਵੀ ਮਜ਼ਦੂਰ ਜਮਾਤ ਦੇ ਘੋਲਾਂ ਨੂੰ ਭਾਰਤੀ ਨਵ ਜਮਹੂਰੀ ਇਨਕਲਾਬ ਦੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਅਤੇ ਭਾਰਤੀ ਇਨਕਲਾਬ ਦੀ ਹਰ ਪੱਖੋਂ ਮੱਦਦ ਕੀਤੀ। ਭਾਰਤੀ ਇਨਕਲਾਬ ਪ੍ਰਤੀ ਬਦੇਸ਼ਾਂ ਵਿੱਚ ਵਸਦੇ ਭਾਰਤੀਆਂ ਦੀ ਮੱਦਦ ਜਿੱਤਣ ਲਈ ਉਨ੍ਹਾਂ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਇਸ ਸਬੰਧ ਵਿੱਚ ਕੀਤੀਆਂ ਉਹਨਾਂ ਦੀਆਂ ਕੋਸ਼ਿਸ਼ਾਂ ਨੂੰ ਉਹਨਾਂ ਦੇ ਦੋਸਤ ਤੇ ਦੁਸ਼ਮਣ ਹਮੇਸ਼ਾ ਹਮੇਸ਼ਾ ਲਈ ਯਾਦ ਰੱਖਣਗੇ।

ਸਾਥੀ ਜੋਸ਼ੀ ਭਾਰਤੀ ਉਪ-ਮਹਾਂਦੀਪ ਦੇ ਉਰਦੂ ਦੇ ਉਘੇ ਇਨਕਲਾਬੀ ਕਵੀਆਂ ਵਿਚੋਂ ਇੱਕ ਸਨ। ਉਹਨਾਂ ਨੇ ਆਪਣੀਆਂ ਕਵਿਤਾਵਾਂ 'ਅਮਰ ਹੁਸ਼ਿਆਰਪੁਰੀ' ਦੇ ਨਾਂ ਹੇਠ ਲਿਖੀਆਂ। ਜੋ ਲੋਕ ਉਰਦੂ ਜਾਣਦੇ ਹਨ ਉਹਨਾਂ ਲਈ ਸਾਥੀ ਜੋਸ਼ੀ ਉਰਦੂ ਇਨਕਲਾਬੀ ਕਵਿਤਾ ਦਾ ਇੱਕ ਵੱਡਮੁੱਲਾ ਖਜ਼ਾਨਾ ਛੱਡ ਗਏ ਹਨ।

ਭਾਰਤ ਮਾਂ ਦੇ ਇਸ ਮਹਾਨ ਸਪੂਤ ਅੱਗੇ ਅਸੀਂ ਸਿਰ ਝੁਕਾਉਂਦੇ ਹਾਂ।

**ਅਲਵਿਦਾ ਸਾਥੀ ਜੋਸ਼ੀ, ਤੁਸੀਂ ਮਜ਼ਦੂਰ ਜਮਾਤ ਦੇ ਦਿਲਾਂ 'ਚ ਹਮੇਸ਼ਾ ਵਸਦੇ ਰਹੋਗੇ!**

---

→ ਕੈਨੇਡਾ ਦੇ ਕਈਆਂ ਮੁਲਕਾਂ, ਜਿਹਨਾਂ 'ਚੋਂ ਮੈਕਸੀਕੋ ਇਕ ਹੈ — ਨਾਲ ਸਮਝੌਤੇ ਹਨ ਜਿਨ੍ਹਾਂ ਅਨੁਸਾਰ ਕੈਨੇਡਾ ਇਹਨਾਂ ਮੁਲਕਾਂ ਤੋਂ ਖੇਤਾਂ ਵਿਚ ਕੰਮ ਕਰਨ ਲਈ ਮਜ਼ਦੂਰ ਹਰ ਸਾਲ ਮੰਗਵਾ ਕੇ — ਉਹਨਾਂ ਤੋਂ ਕੰਮ ਕਰਾ ਕੇ — ਉਹਨਾਂ ਨੂੰ ਵਾਪਸ ਭੇਜਦਾ ਹੈ। ਉਹ ਕੈਨੇਡਾ ਵਿਚ ਕੰਮ ਪਸ਼ੂਆਂ ਦੀ ਹਾਲਤ ਵਿਚ ਕਰਦੇ ਹਨ। ਫਾਰਮਾਂ ਤੇ ਹੁਸੜੇ ਰਹਿ ਕੇ ਉਹਨਾਂ ਨੂੰ ਸਾਲਾਨਾ ਮੌਸਮ ਤੋਂ ਬਾਅਦ ਵਾਪਸ ਜਾਣਾ ਪੈਂਦਾ ਹੈ। ਜਿੰਨਾ ਚਿਰ ਉਹ ਇਥੇ ਰਹਿੰਦੇ ਹਨ ਉਹਨਾਂ ਨੂੰ ਵਹਿਸ਼ੀਆਨਾ ਹਾਲਤਾਂ ਵਿਚ ਰਹਿਣਾ ਪੈਂਦਾ ਹੈ। ਔਨਟੇਰੀਓ ਵਿਚ ਤਮਾਖੂ ਫਾਰਮਾਂ ਉੱਪਰ ਕੰਮ ਕਰਨ ਵਾਲੇ ਇਸ ਸਾਰੇ ਕਿੱਸੇ ਦੀ ਜੀਉਂਦੀ ਜਾਗਦੀ ਮਿਸਾਲ ਹਨ।

ਸੋ ਬੀ. ਸੀ. ਵਿਚ ਖੇਤ ਮਜ਼ਦੂਰਾਂ ਦੇ ਹੱਕਾਂ ਲਈ ਘੋਲ ਬਹੁਤ ਹੀ ਮਹੱਤਵ ਪੂਰਨ ਹੈ। ਇਸ ਦੀ ਜਿੱਤ ਹੋਣ ਨਾਲ ਕੈਨੇਡਾ ਦੇ ਬਾਕੀ ਖੇਤ ਮਜ਼ਦੂਰਾਂ ਲਈ ਮਿਸਾਲ ਪੈਦਾ ਹੋਵੇਗੀ। ਅਤੇ ਫਿਰ ਕੈਨੇਡੀਅਨ ਸਰਕਾਰ ਲਈ ਬਾਹਰੋਂ ਸਸਤੀ ਅਤੇ ਗੁਲਾਮ ਮਜ਼ਦੂਰੀ (INDANTURED LABOUR) ਮੰਗਵਾਣੀ ਮੁਸ਼ਕਲ ਹੋ ਜਾਵੇਗੀ — ਮਜ਼ਦੂਰ ਸਭ ਜਗ੍ਹਾ ਆਪਣੇ ਹੱਕ ਮੰਗਣੇ ਸ਼ੁਰੂ ਕਰ ਦੇਣਗੇ। ਸੋ ਬੀ. ਸੀ. ਵਿਚ ਇਸ ਘੋਲ ਦੇ ਸ਼ੁਰੂ ਹੋਣ ਨਾਲ ਸਾਡੇ ਉੱਪਰ ਇਕ ਅਹਿਮ ਜ਼ਿੰਮੇਵਾਰੀ ਆ ਪਈ ਹੈ। ਸਾਡਾ ਫਰਜ਼ ਹੈ ਕਿ ਇਸ ਨੂੰ ਚੰਗੀ ਤਰ੍ਹਾਂ ਨਿਭਾਈਏ।

ਨੋਟ: ਅਗਲੇ ਅੰਕ ਵਿਚ ਇਸ ਘੋਲ ਦੀ ਭਾਰਤੀ ਕਮਿਊਨਿਟੀ ਲਈ ਮਹੱਤਤਾ ਬਾਰੇ ਵਿਚਾਰ ਪੇਸ਼ ਕੀਤੇ ਜਾਣਗੇ ]

# ਮੁਖੜਾ ਚੰਨ ਵਰਗਾ

## ਅਮਰਜੀਤ ਚਾਹਲ

ਤੀਵੀਂ—ਆਦਮੀ ਮਹੀਨਾਂ ਭਰ ਇਕ-ਦੂਏ ਦੇ ਮੱਥੇ ਨਾ ਲੱਗਣ ਤਾਂ ਗੱਲ ਮੁਕਲਾਵੇ ਵਰਗੀ ਹੋ ਜਾਂਦੀ ਹੈ।

...ਜਗਜੀਤ ਛੇਆਂ ਵਰ੍ਹਿਆਂ ਪਿਛੋਂ ਗਿਣਤੀ ਦੇ ਦਿਨਾਂ ਲਈ ਘਰ ਪਰਤਿਆ ਸੀ।

ਪਹਿਲਾਂ ਹਰ ਸਾਲ ਤਿਆਰ ਹੁੰਦੇ ਨੇ, ਉਸ ਤਿੰਨ ਚਾਰ ਸਾਲ ਲੰਘਾ ਲਏ ਸੀ। ਇਸ ਵਰ੍ਹੇ ਵੀ ਸ਼ਾਇਦ ਉਹ ਆਇਆ ਨਾ ਹੁੰਦਾ ਜੇਕਰ ਪਿੰਡੋਂ ਉਨ੍ਹਾਂ ਦੇ ਲਹਿਣੇਦਾਰ ਦੀ ਚਿਠੀ ਨਾ ਜਾਂਦੀ। ਚਿਠੀ ਵਿਚ ਉਸ ਸਾਫ਼ ਲਿਖਿਆ ਸੀ...'ਜਾਂ ਤੇ ਵਾਧਾ ਦੇ ਕੇ ਜ਼ਮੀਨ ਆਪ ਖਰੀਦ ਲਉ......ਨਹੀਂ ਤੇ ਵਲੈਤੀਏ ਬੰਤਾ ਸਿਉਂ ਨੂੰ ਬੈਅ ਕਰ ਦੇਣੀ ਹੈ। ਤੁਹਾਤੇ ਕੋਲ ਜਿੰਨੇ 'ਚ ਗਹਿਣੇ ਪਈ ਸੀ......ਪੈਸੇ ਚੁਕਦੇ ਕਰ ਦੂੰ......'

ਜ਼ਮੀਨ ਦੇ ਟੋਟੇ ਵਿਚ ਬੱਜ ਪੈ ਜਾਣੀ ਸੀ। ਉਸ ਸੋਚਿਆ—'ਚਲੋ, ਨਾਲੇ ਨਿਆਣੇ-ਨਿੱਕੀਆਂ ਦਾ ਮੂੰਹ ਦੇਖ ਆਵਾਂਗਾ-ਨਾਲੇ ਜ਼ਮੀਨ ਦਾ ਕੰਮ ਹੋ ਜੂ ........।

ਸਵੇਰੇ ਉਸ ਜ਼ਮੀਨ ਦੀ ਰਜਿਸਟਰੀ ਕਰਵਾਉਣ ਜਾਣਾ ਸੀ।

ਤਿੱਖੇ ਨਕਸ਼ਾ ਵਾਲੀ ਨੀਲੀ ਲਾਟ ਨੇ ਉਸ ਨੂੰ ਸੇਕ ਕੇ ਗੱਲ ਤੋਰ ਲਈ......।

ਉਸ ਜਵਾਬ ਵਿਚ ਕਿਹਾ, "ਤੈਨੂੰ ਯਕੀਨ ਨਹੀਂ ਆਉਂਦਾ ."

"ਮੈਨੂੰ ਨਹੀਂ ਆਉਂਦਾ—ਸੁਣਿਆ ਉਹ ਆਪ, ਬੰਦਿਆਂ ਮਗਰ ਫਿਰਦੀਆਂ—ਨਾਲੇ ਸੌ ਸੌ ਖਾਤਰਾਂ ਕਰਦੀਆਂ।"

"ਦੁਨੀਆਂ ਦੇ ਇਸ ਸਿਰੇ ਤੋਂ ਲੈ—ਉਸ ਸਿਰੇ ਤਕ, ਤੀਵੀਂ, ਤੀਵੀਂ ਹੈ ਤੇ ਆਦਮੀ, ਆਦਮੀ...... ਸੁਣਿਆ ਬੋਲੀ ਬਾਰਾਂ ਕੋਹਾਂ ਤੇ ਬਦਲ ਜਾਂਦੀ ਹੈ ਅਤੇ ਰਸਮ-ਰਿਵਾਜ਼ ਪੈਸੇ ਦੇ ਉਤਰਾ-ਚੜ੍ਹਾ ਨਾਲ......ਹੋਰ ਫ਼ਰਕ ਕੋਈ ਨਹੀਂ......ਜੋ ਏਥੇ ਹੈ ਸੋ ਉਥੇ।" ਗੱਲ ਉਸ ਆਪਣੇ ਕੰਨੀਂਉਂ ਗੋਲ-ਮੋਲ ਕਰ ਦਿੱਤੀ।

"ਇਹ ਤਾਂ ਮੈਨੂੰ ਪਤਾ ਨਹੀਂ......ਉਂ ਮੇਰਾ ਮਨ ਕਹਿੰਦਾ ਸੀ ਤੁਸੀਂ ਇਹੋ ਜਿਹੇ ਨਹੀਂਗੇ—ਫਿਰ ਸੋਚੀਦਾ ਸੀ, ਬੰਦੇ ਦਾ ਕੀ ਪਤਾ, ਅੱਜ ਹੋਰ......ਕੱਲ ਹੋਰ।"

"ਤੇਰੇ ਸਾਹਵੇਂ ਤਾਂ ਹਜ਼ਾਰ ਗੋਰੀ ਹੇਚ ਐ—" ਸੁਰਿੰਦਰ ਨੂੰ ਖੁਸ਼ ਕਰਨ ਲਈ—ਉਸ ਨੂੰ ਹੋਰ ਮੋਹ ਨਾਲ ਘੁਟਦਿਆਂ ਜਸਜੀਤ ਨੇ ਕਿਹਾ, "ਬੱਸ ਐਵੇਂ-ਕੈਵੇਂ ਤੇਰੇ ਬਿਨ ਦਿਨ ਕਟੀ ਕਰ ਲਈ।"

"ਲਾਉ ਕੰਨਾਂ ਨੂੰ ਹੱਥ... . ਮੁੜ ਨਹੀਂ ਸਾਨੂੰ ਛੱਡਕੇ ਜਾਂਦੇ।" ਸੁਰਿੰਦਰ ਦੀ ਖੁਸ਼ੀ ਹਾਉਮੈ ਦੀਆਂ ਬਰੂਹਾਂ ਟੱਪ ਗਈ।

ਬਹਾਰਲੇ ਦਰ ਦਾ ਕੁੰਡਾ ਖੜਕਿਆ। ਜਸਜੀਤ ਉੱਠ ਕੇ ਦੇਖਣ ਲੱਗਾ—ਉਸ ਤਾਕੀ ਖੋਲ੍ਹੀ—ਖੜਾਕ ਨਾਲ ਗਵਾਂਢੀਆਂ ਦੀ ਟਾਹਲੀ ਤੋਂ ਕਿਸੇ ਜਾਨਵਰ ਨੇ ਹਿੱਲ-ਜੁਲ ਕੀਤੀ। ਚੰਦ ਨੇ ਵੀ ਟਾਹਲੀ ਉਪਰਦੀ ਆਪਣਾ ਚੇਹਰਾ ਉਚਾ ਕਰ ਲਿਆ ਸੀ।

"ਇਹ ਕੌਣ ਹੋਇਆ ਇਸ ਵੇਲੇ......।" ਉਹ ਸਹਿਮ ਜਿਹੇ ਨਾਲ ਬੁੜ-ਬੁੜਾਇਆ।

ਡਰ, ਐਸ਼ ਅਤੇ ਅਰਾਮ ਪ੍ਰਸਤੀ ਦੀ ਦੇਣ ਹੈ। ਨੀਲੀ ਲਾਟ ਤਾੜ ਗਈ ਸੀ।

"ਪੈ ਜਾਉ ਤੁਸੀਂ......।" ਉਸ ਨੂੰ ਬਾਹੋਂ ਫੜ ਬਿਸਤਰੇ ਵਿਚ ਸੁਟਦੀ ਹੋਈ ਨੇ ਕਿਹਾ, "ਕੋਈ ਜਾਗ ਲੈਣ ਆਈ ਹਊ—ਆਪੇ ਬੇ ਜੀ ਦੇ ਦੇਣਗੇ।"

"ਜਾਗ ਲੈਣ ਐਸ ਵੇਲੇ......।" ਉਸ ਦੇ ਅੰਦਰ ਸ਼ੱਕ ਦਾ ਕੰਡਾ ਰੜਕਿਆ। ਰਾਤ ਦਾ ਪਹਿਲਾ ਪਹਿਰ ਕਦੋ ਦਾ ਲੰਘ ਚੁਕਾ ਸੀ। ਗੁਆਂਢੀ ਦੀਵਾ-ਬੱਤੀ ਕਦੇ ਦੇ ਵੱਡਾ ਕਰਕੇ ਟਿੱਕ ਗਏ ਸੀ। ਉਹ ਸ਼ਿਸਟਾਚਾਰ ਵਜੋਂ ਚੁਪ ਜਿਹਾ ਕਰ ਗਿਆ। ਦੋਹਾਂ ਦੇ ਕੰਨ ਹੇਠਾਂ ਬਿੜਕ ਲੈਣ ਲੱਗੇ। ਜਸਜੀਤ ਬੇ ਜੀ ਦੇ ਸੁਭਾਅ ਨੂੰ ਜਾਣਦਾ ਸੀ। ਕੋਈ ਹੁੰਦਾ ਤਾਂ ਬੇ ਜੀ ਨੇ ਲੰਮੀ ਹਾਕ ਵਿਚ ਪੁਛਣਾ ਸੀ।

"ਕੌ......ਣ,.... ।"

ਦਰ ਵਲੋਂ ਅਵਾਜ਼ ਆਉਣੀ ਸੀ।"

"ਚਾਚੀ ਮੈਂ......।"

ਫਿਰ ਬੇ ਜੀ ਨੇ ਛੋਟੀਆਂ ਛੋਟੀਆਂ ਗੱਲਾਂ ਕਰਦੀ ਨੇ ਦਰ ਖੋਲ੍ਹ ਦੇਣਾ ਸੀ।

ਪ੍ਰੰਤੂ ਇਹੋ ਜਿਹਾ ਕੁਝ ਵੀ ਨਹੀਂ ਹੋਇਆ।

ਦਰਵਾਜ਼ਾ ਖੁਲ੍ਹਿਆ—ਬੰਦ ਹੋ ਗਿਆ। ਇਕ ਪੈੜ-ਚਾਪ ਡੇੜੀ ਵਲੋਂ ਜਿਵੇਂ ਵਸੋਂ ਵਾਲੇ ਪਾਸੇ ਨੂੰ ਜਾਂਦੀ ਸੁਣਾਈ ਦੇ ਗਈ। ਰਸੋਈ ਵਿਚ ਦੋ ਕੁ ਭਾਂਡੇ ਖੜਕੇ—ਨਲਕਾ ਗਿੜਿਆ ਅਤੇ ਫਿਰ ਦਲਾਨ ਦਾ ਬੂਹਾ ਬੰਦ ਹੋ—ਇਕ ਠੰਡੀ ਜਿਹੀ ਚੁਪ ਘਰ ਦੇ ਵਿਹੜੇ ਵਿਚ ਪੱਸਰ ਗਈ।

ਕਹਿਣ-ਸੁਣਨ ਦੀ ਹੁਣ ਕਿਹੜੀ ਬਾਕੀ ਸੀ। ਉਹ ਇਕ-ਦੂਏ ਦੀ ਆਵਾਜ਼ ਤੋਂ ਡਰਦੇ ਮਾਰੇ ਹੀ ਜਿਵੇਂ ਚੁਪ ਸੀ। ਕੋਈ ਆਵਾਜ਼ ਲਾਵੇ ਵਰਗੀ ਜਾਂ ਗੁਨਾਹ ਵਰਗੀ ਹੋ ਜਾਣੀ ਸੀ।

"ਇਹਦੀ ਸਾਲੇ ਦੀ ਹਿੰਮਤ ਕਿਵੇਂ ਹੋਈ—ਜਸਜੀਤ ਨੇ ਡਰ ਹੇਠ ਦੱਬੇ ਗੁਸੇ ਨਾਲ ਆਖਿਆ, "ਤੂੰ ਕਹਿੰਦੀ ਸੀ—ਕੋਈ ਜਾਗ ਲੈਣ ਆਈ ਹੋਣੀ ਹੈ—।" ਮਗਰਲੀ ਗੱਲ ਉਸ ਨੇ ਉਲਾਂਭੇ ਜਿਹੇ ਨਾਲ ਸੁਰਿੰਦਰ ਨੂੰ ਸੰਬੋਧਨ ਕੀਤੀ।

"ਤੁਹਾਨੂੰ ਵੀ ਪਤਾ ਈ ਸੀ......।" ਸੁਰਿੰਦਰ ਨੇ ਸੱਚ ਦੇ ਕੱਚ ਨੂੰ ਤੋੜਿਆ ਅਤੇ ਕਿੰਕਰਾਂ ਖਿੰਡੀਆਂ, "ਇਥੇ ਕਿਨੂੰ ਨਹੀਂ ਪਤਾ—ਸਾਰੇ ਜਾਣਦੇ ਆ—ਕੋਈ ਚੀਜ਼ ਘਰ ਬਣੇ—ਬੇ ਜੀ ਛੋਟੀ ਬੀਬੀ ਹੱਥ ਇਨ੍ਹਾਂ ਦੇ ਘੱਲਦੇ...।"

"ਕਿਉਂ ਭੌਂਕੀ ਜਾਨੀਂ......।"ਗੁਸੇ 'ਚ ਮੱਚਦਾ ਉਹ ਮੰਜੇ ਤੋਂ ਉਠਿਆ। ਰੁਬਾਰੇ ਵਿਚ ਉਸ ਨੇ ਉਡਦੀ ਜਿਹੀ ਨਿਗਾ ਮਾਰੀ।

ਡਰਦੀ ਜਿਹੀ ਸੁਰਿੰਦਰ ਵੀ ਉਠ ਖੜ੍ਹੀ।

"ਤੁਸੀਂ ਕੀ ਕਰਨ ਲੱਗੇ ਹੁਣ......?"

"ਮਾਂ ਦਾ ਸਿਰ ਬੁਰੇ ਦੀ ਦਾ...ਕੰਜਰਾਂ ਦਾ ਘਰ ਬਣਾ ਛੱਡਿਆ ਕੁਤੀ ਨੇ।" ਉਸ ਦੀ ਅਵਾਜ਼ ਸਧਾਰਣ ਨਾਲੋਂ ਉਚੀ ਹੋ ਗਈ ਸੀ।

"ਪਾਸੇ ਹੋ......।" ਤਖਤਿਆਂ ਨੂੰ ਪਿੱਠ ਲਾਈ ਖੜੀ ਸੁਰਿੰਦਰ ਨੂੰ ਬਾਹੋਂ ਫੜ ਉਸ ਪਾਸੇ ਕਰਨ ਦੀ ਕੋਸ਼ਿਸ਼ ਕੀਤੀ।

"ਮੈਂ ਨਹੀਂ ਜਾਣ ਦੇਣਾ—ਕਿਉਂ ਲੋਕਾਂ ਨੂੰ ਤਮਾਸ਼ਾ ਦਿਖਾਣ ਲੱਗੇ ਹੋ। ਮੈਨੂੰ ਮਾਰ ਲਉ—ਜੋ ਮਰਜ਼ੀ ਕਰ ਲਉ।"

"ਬੱਜੀ ਨਹੀਂ ਜਾਣ ਦੇਣੇ ਦੀ......।" ਜਸਜੀਤ ਨੇ ਉਸ ਨੂੰ ਝਟਕਾ ਮਾਰਿਆ।

"ਕਿਉਂ ਮੂੜ ਬਣਦੇ ਹੋ—ਅੱਗੇ ਲੋਕ ਕੰਧਾਂ ਪਿਛੇ ਭੌਂਕਦੇ ਸੀ। ਫਿਰ ਬਨੇਰਿਆਂ 'ਤੇ ਬੈਠ ਕੇ ਗੱਲਾਂ ਕਰਿਆ ਕਰਨਗੇ—ਨਾਲੇ ਇਹ ਕਿਹੜੀ ਕੋਈ ਨਵੀਂ ਗੱਲ .. ।"

'ਕਾੜ' ਕਰਦਾ ਥੱਪੜ ਉਹਦੀ ਗੋਰੀ ਗੱਲ੍ਹ ਉਤੇ ਪਿਆ। ਸੋਨੇ ਦਾ ਕਾਂਟਾ ਉਹਦਾ ਕੰਨ ਚੀਰ ਔਹ ਪਿਆ ਨਾਲ ਹੀ ਤੱਤੇ ਲਹੂ ਦੀ ਤਤੀਰੀ ਤੁਰ ਪਈ।

ਜਸਜੀਤ ਗੁਸੇ ਵਿਚ ਘੁਰਕਿਆ ਅਤੇ ਨਾਲੋਂ ਸੁਰਿੰਦਰ ਨੂੰ ਤੋੜਨ ਦਾ ਯਤਨ ਕਰਦਾ ਰਿਹਾ। ਉਸ ਥੱਪੜ ਖਾ ਕੇ ਡਿਗਦੀ ਨੇ ਲੱਤਾਂ ਨੂੰ ਜੱਫਾ ਮਾਰ ਲਿਆ ਸੀ।

"ਮਾਰੋ...ਹੋਰ ਮਾਰੋ...ਮੈਨੂੰ ਤਾਂ ਚੁਪ ਕਰਵਾ ਲਉਗੇ—ਲੋਕਾਂ ਦਾ ਕੀ ਕਰੋਗੇ? ਚਾਹੇ ਬੇਜ਼ੀ ਦੇ ਟੁਕੜੇ ਟੁਕੜੇ ਕਰ ਦਿਉ—ਉਸ ਧਗੜੇ ਨੂੰ ਕੁਤਿਆਂ ਤੋਂ ਪੜਵਾ ਛੱਡੋ—ਉਨ੍ਹਾਂ ਦਾ ਮੂੰਹ ਨਹੀਂ ਬੰਦ ਹੋਣ ਲੱਗਾ। ਕਲੰਕ ਤੇ ਕਲੰਕ ਤੁਸੀਂ ਖੱਟੋਗੇ—ਮੈਂ ਪੁਛਦੀ ਹਾਂ ਕਿਸ ਨੂੰ ਭੁਲਾ ਜਦ ਮੁੱਕਲਾਵੇ ਆਈ-ਬੇ ਜੀ ਨੇ ਖੂਹ 'ਚ ਛਾਲ ਮਾਰੀ ਸੀ।"

ਇਕੇਰਾਂ ਜਸਜੀਤ ਨੂੰ ਲੱਗਾ ਜਿਵੇਂ ਲੱਤਾਂ ਨੂੰ ਜੱਫਾ ਮਾਰੀ ਬੈਠੀ ਹੱਡੀਆਂ ਦੀ ਮੁਠ ਨੇ ਉਸ ਨੂੰ ਪਿਠ-ਪਰਨੇ ਚੁਕ ਮਾਰਿਆ ਅਤੇ ਚੁਬਾਰੇ ਦੀਆਂ ਕੰਧਾ ਤਕ ਹਿਲਾ ਦਿਤੀਆਂ।

"—ਤੇ ਮੈਂ ਹੱਥ ਤੇ ਹੱਥ ਧਰਕੇ ਬੈਠਾ ਉਨ੍ਹਾਂ ਨੂੰ ਦੇਖਦਾ ਰਵ੍ਹਾਂ" ਉਪਰੋਂ ਉਪਰੋਂ ਆਪਣਾ ਦਬਾ ਕਾਇਮ ਰਖਦੇ ਨੇ ਉਸ ਨੂੰ ਘੂਰਿਆ। ਤਿੱਖੇ ਨਕਸ਼ਾਂ ਵਾਲੀ ਨੀਲੀ ਲਾਟ ਫਿਰ ਚਮਕੀ।

"ਮੈਂ ਕਦ ਕਹਿਨੀਆਂ—ਤੁਸੀਂ ਕਿਹੜਾ ਇਥੇ ਬੈਠੇ ਰਹਿਣਾ—ਜਿਹੜੇ ਕੰਮ ਆਏ ਹੋ, ਕਰਕੇ ਜਾਉ—ਇਹ ਤਾਂ ਜਿਵੇਂ ਅੱਗੇ ਕੱਟੀ ਗਈ—ਅਗਾਂਹ ਵੀ ਲੰਘ ਜਾਊ।"

ਸਿਆਣਪ ਮਾੜੇ ਆਦਮੀ ਨੂੰ ਢੱਠਾ ਕਰ ਦਿੰਦੀ ਹੈ। ਉਸਦੀ ਲਚਕ ਮੁੜ ਸੂੰ ਕਰਕੇ ਸਿੱਧੇ ਹੋਣ ਦੀ ਥਾਂ ਟੁਟ ਜਾਂਦੀ ਹੈ। ਪਿੱਠ ਪਰਨੇ ਡਿੱਗਾ ਉਹ ਸਹਾਰਾ ਢੂੰਡ ਹੀ ਰਿਹਾ ਸੀ।

"ਦੁਖ ਤਾਂ ਇਹੀ—ਹਿੱਕ ਤੇ ਮੂੰਗ ਨਹੀਂ ਦਲੇ ਜਾਂਦੇ—ਹੋਰ ਮੈਂ ਕਿਹੜਾ—।" ਉਸ ਨੂੰ ਸਵੇਰੇ ਜ਼ਮੀਨ ਦੀ ਰਜਿਸਟਰੀ ਕਰਾਉਣ ਜਾਣ ਦਾ ਖਿਆਲ ਆ ਗਿਆ। ਜਿਹੜੀ ਪੰਡ ਰੁਪਿਆਂ ਦੀ ਬਿਆਨਾ ਦਿਤੀ ਸੀ—ਨਾ ਜਾ ਸਕਿਆ ਤਾਂ—ਜਸਜੀਤ ਅੰਦਰੋਂ ਜਿਵੇਂ ਸੀਤ ਜਿਹਾ ਨਿਕਲ ਗਿਆ।

"ਲੋਕਾਂ ਮਰ ਗਿਆਂ ਤੋਂ ਵੀ ਸਬਰ ਕੀਤਾ—ਤੁਸੀਂ ਇਹੀ ਸਮਝ ਛੱਡੋ।"

ਉਸਦਾ ਦਿਲ ਕੀਤਾ ਪੁਛੇ—ਕੋਈ ਧੁਖਦੇ ਸਿਵੇ ਦਾ ਕੀ ਕਰੇ। ਧੁਖਦੇ ਸਿਵੇ ਦੀ ਤਾਂ ਲੋਕ ਰਾਖੀ ਬੈਠਦੇ ਹਨ ਕਿ ਕੋਈ ਜਾਨਵਰ ਲਾਸ਼ ਨਾ ਖ਼ਰਾਬ ਕਰ ਦੇਵੇ। ਮੈਂ ਇਹ ਵੀ ਨਹੀਂ ਕਰ ਸਕਿਆ—।

ਉਹ ਢਿੱਲਾ ਜਿਹਾ ਹੋ ਕੇ ਮੰਜੇ 'ਤੇ ਬੈਠ ਗਿਆ ਤੇ ਫਿਰ ਲੰਮਾ ਪੈ ਗਿਆ।

ਉਦੋਂ ਮਾਂ ਦਾ ਮੁਖ ਚੰਨ ਵਰਗਾ ਹੁੰਦਾ ਸੀ। ਬੀਤੇ ਦੇ ਨਕਸ਼ ਜਸਜੀਤ ਅੱਗੇ ਸਾਕਾਰ ਹੋਣੇ ਸ਼ੁਰੂ ਹੋਏ। ਜਿਨ੍ਹਾਂ ਨੂੰ ਉਸ ਪਹਿਲੇ ਵਿਚਾਰਿਆ ਤਕ ਨਹੀਂ ਸੀ। ਜਦ ਉਸ ਨੂੰ ਨੁਹਾ, ਜਲੇਬੀ ਜੂੜੇ ਉਤੇ ਚਿੱਟਾ ਰੁਮਾਲ ਬੰਨ ਕੇ ਸਕੂਲ ਘੱਲਦੀ ਹੁੰਦੀ ਸੀ।

ਮਾਂ ਦਾ ਮੁਖੜਾ ਉਸ ਵੇਲੇ ਵੀ ਚੰਨ ਵਰਗਾ ਹੀ ਹੋਣੈ—ਜਦ ਪਿੰਡ ਦੀ ਮੁੰਡੀਰ ਪੁਛਦੀ ਹੁੰਦੀ ਸੀ, 'ਓਏ, ਜੱਸ ਤੂੰ ਕਿਦ੍ਹਾ ਪੁਤ ਏਂ......।'

ਵਰਨੇ ਵਾਲੀ ਹਵੇਲੀ ਤਾਂ ਕਦੇ ਵੀ ਨਹੀਂ ਭੁਲ ਸਕਦੀ। ਜਿਥੇ ਖੁਰਲੀ ਉਪਰ ਬੈਠੇ ਨਸ਼ੇਈ ਜਿਹੇ ਹੋਏ ਮੀਤੂ ਨੇ ਮੁੰਡਿਆਂ ਨਾਲ ਖੇਲਦੇ ਨੂੰ ਹਾਕ ਮਾਰੀ ਸੀ। ਫਿਰ ਐਵੇਂ ਹੀ ਇੱਧਰ-ਉਧਰ ਦੀਆਂ ਗੱਲਾਂ ਕਰਦਾ ਰਿਹਾ ਸੀ। ਗੱਲਾਂ ਕਰਦੇ ਮੀਤੂ ਨੂੰ ਉਸਦਾ ਮੋਹ ਜਿਹਾ ਆਇਆ ਸੀ। ਮੀਤੂ ਦੀ ਕਰੜ-ਬੱਰੜੀ ਦਾੜ੍ਹੀ ਵਾਲੀ ਗੱਲ੍ਹ ਨਾਲ ਜਦ ਗੱਲ੍ਹ ਲੱਗੀ ਸੀ ਤਾਂ ਪਹਿਲੀ ਵਾਰ ਜਸਜੀਤ ਨੂੰ ਕੁਝ ਪਿੱਤਰੀ ਪਿਆਰ ਵਰਗਾ ਅਨੁਭਵ ਹੋਇਆ ਸੀ।

ਹਉਕਾ ਜਿਹਾ ਭਰਕੇ ਮੀਤੂ ਨੇ ਕਿਹਾ, "ਪੁਤਰਾ ਤੂੰ ਕੀ ਜਾਣੇਂ—ਅਜੇ ਤੂੰ ਨਿਆਣਾ—।" ਅਤੇ ਗੋਦੀਉਂ ਉਤਾਰ ਆਪਣੇ ਸਾਹਮਣੇ ਖੜ੍ਹਾ ਲਿਆ। ਜਸਜੀਤ ਨੂੰ ਖੋਈ ਸਮਝ ਨਾ ਲੱਗੀ—ਮਾਮਲਾ ਕੀ ਹੈ? ਏਨਾ ਕੁ ਪਤਾ ਲੱਗਾ ਸੀ ਕਿ ਚਾਚਾ ਕਿਸੇ ਗੱਲੋਂ ਦੁਖੀ ਹੈ—ਬਹੁਤ ਦੁਖੀ—ਅਤੇ ਉਹ ਉਦਾਸ ਹੋ ਗਿਆ ਸੀ।

'ਦਾਰੂ ਪੀਣੈ......।" ਮੀਤੂ ਨੇ ਐਵੇਂ ਖਿੜ ਕੇ ਪੁਛਿਆ ਸੀ। ਉਸ ਨੂੰ ਖੁਸ਼ ਕਰਨ ਲਈ।

ਉਸ ਨਾਂਹ ਵਿਚ ਸਿਰ ਹਿਲਾ ਦਿਤਾ ਸੀ।

ਲਾਡ ਨਾਲ ਉਸਦੀ ਪਿਠ ਥਾਪੜਦੇ ਮੀਤੂ ਨੇ ਕਿਹਾ, 'ਇਹ ਨਹੀਂ ਪੀ ਦਾ......ਬਹੁਤ ਮਾੜਾ ਹੁੰਦੇ......ਆਪਣੀ ਬੇਬੇ ਨੂੰ ਕਹੀਂ......ਚਾਚਾ ਕਹਿੰਦਾ ਸੀ ਕੰਮ ਐ..... ਹਵੇਲੀ ਆਵੇ।'

ਜਦ ਉਹ ਮਾਂ ਪਾਸੋਂ ਮੂੰਹ 'ਚ ਗੁਰਾਹੀ ਪੁਆਣ ਲੱਗਾ ਸੀ ਤਾਂ ਉਸ ਨੂੰ ਮੀਤੂ ਦਾ ਸੁਨੇਹਾ ਯਾਦ ਆਇਆ।

ਮਾਂ ਦੇ ਹੱਥ ਵਿਚ ਫੜੀ ਬੁਰਕੀ ਕੰਬੀ......ਇਕ ਪਲ ਨੀਝ ਲਾ ਉਸ ਆਪਣੇ ਜਸਜੀਤ ਦੀਆਂ ਅੱਖਾਂ ਚੋਂ ਕੁਝ ਟੋਲ੍ਹਿਆ......ਪਰ ਉਨ੍ਹਾਂ ਵਿਚ ਆਪਣਾ ਹੀ ਅਕਸ਼ ਦੇਖ, ਉਹ ਸ਼ਰਮਾਈ ਵੀ ਸੀ ਤੇ ਮੁਸਕਾਈ ਵੀ......ਉਦੋਂ ਵੀ ਉਸ ਨੂੰ ਮਾਂ ਦਾ ਮੁਖੜਾ ਘੱਟਦਾ-ਵੱਧਦਾ ਚੰਨ ਵਰਗਾ ਲੱਗਾ ਸੀ।

ਰਾਤ ਸਿਖਰਾਂ ਛੂਹ ਕੇ ਪਿਛਾਂਹ ਨੂੰ ਪਰਤ ਤੁਰੀ। ਉਸ ਹਨੇਰੇ ਵਿਚ ਆਪਣੀ ਵਲੈਤੀ ਘੜੀ ਦੀਆਂ ਚਮਕਦੀਆਂ ਸੂਈਆਂ ਨੂੰ ਦੇਖਿਆ।

ਡੇਹੜੀ ਦਾ ਦਰ ਉਸੇ ਰਮਜ਼ ਨਾਲ ਖੁਲ੍ਹ ਕੇ ਫਿਰ ਬੰਦ ਹੋ ਗਿਆ ਸੀ।

ਉਸ ਦੇ ਅੰਦਰੋਂ ਲਾਵੇ ਵਰਗਾ ਕੁਝ ਫਿਰ ਫੱਟਣ ਫੱਟਣ ਕਰਨ ਲੱਗ ਪਿਆ। ਸੁਰਿੰਦਰ ਨੇ ਲੱਤ ਉਸ ਦੇ ਉਪਰ ਰੱਖ, ਉਸ ਨੂੰ ਹੋਰ ਆਪਣੀਆਂ ਬਾਹਾਂ 'ਚ ਕੱਸ ਲਿਆ।

"ਚਲੋ ਹੁਣ ਸੌਂ ਵੀ ਜਾਉ......।" ਉਸਦੀ ਮਾਨਸਿਕ ਹਾਲਤ ਨੂੰ ਸਮਝਦੀ ਉਹ ਬੋਲੀ, "ਸਵੇਰੇ ਫਿਰ ਸ਼ਹਿਰ ਵੀ ਜਾਣਾ......।"

ਉਹ ਬੋਲਿਆ ਨਹੀਂ ਪਿਆ ਰਿਹਾ......ਆਪੇ ਹੀ ਕਿਸੇ ਵੇਲੇ ਉਸਦੀ ਅੱਖ ਲੱਗ ਗਈ। ਸਵੇਰੇ ਉਠਣ ਲੱਗੀ ਸੁਰਿੰਦਰ ਨੇ ਉਸ ਨੂੰ ਜਗਾਇਆ।

ਦੁਧ ਰਿੜਕਣ ਦੀ ਘੂੰ-ਘਾਰ ਅਵਾਜ਼ ਆ ਰਹੀ ਸੀ। ਉਹ ਚੁਬਾਰੇ ਚੋਂ ਬਾਹਰ ਨਿਕਲਿਆ। ਠੰਡੇ ਵਾਤਾਵਰਣ ਨੇ ਉਸਦੇ ਭਾਰੇ ਹੋਏ ਸਿਰ ਨੂੰ ਕਿਸੇ ਹੱਦ ਤਕ ਅਰਾਮ ਦਿੱਤਾ।

ਵਿਰਲੇ ਵਿਰਲੇ ਲੋਕ ਉਠ ਖੜੇ ਸੀ।

ਗੁਰਦੁਆਰੇ ਕੋਲ ਦੀ ਲੰਘਦੇ ਨੇ ਉਸ ਸਤਿਕਾਰ ਨਾਲ ਸਿਰ ਨਿਵਾਇਆ......ਹੱਥ ਜੋੜੇ। ਵਿਹੜੇ ਵਿਚ ਕੋਈ ਗੁਰੂ ਘਰ ਦੀ ਪ੍ਰੇਮਣ ਬਹੁਕਰ ਦੇ ਰਹੀ ਸੀ। ਪਾਣੀ ਛਿੜਕਿਆ ਗਿਆ ਸੀ ਪਰ ਧੂੜ ਫੇਰ ਵੀ ਉਡ ਰਹੀ ਸੀ।

ਹੱਟੀ ਵਾਲਾ ਰੋੜਾ, ਮੋਢੇ ਤੇ ਗਿੱਲਾ ਪਰਨਾ, ਹੱਥ 'ਚ ਗੜਵੀ ਫੜੀ ਉਸ ਦੇ ਕੋਲ ਦੀ 'ਰਾਮ ਰਾਮ' ਕਰਦਾ ਲੰਘ ਗਿਆ।

ਪਿੰਡ ਦੇ ਬਾਹਰ ਖੂਹ ਵੱਗ ਰਿਹਾ ਸੀ। ਉਸ ਦੇ ਕੁਤੇ ਦੀ ਟੰਨ ਟੰਨ ਦੀ ਅਵਾਜ਼ ਸਵੇਰ ਦੇ ਸ਼ਾਂਤ ਵਾਤਾਵਰਨ ਵਿਚ ਵੀ ਬੜੀ ਸੁਖਾਵੀਂ ਸੀ।

ਜਦ ਉਹ ਖੇਤਾਂ ਤੋਂ ਵਾਪਸ ਆਇਆ ਤਾਂ ਪਿੰਡ ਵਿਚ ਸਵੇਰ ਦਾ ਰੌਲਾ ਵਧ ਚੁਕਾ ਸੀ। ਮਾਸੂਮਾਂ ਦੇ ਰੋਣ ਤੋਂ ਲੈ ਕੇ ਹੋਕਾ ਦੇ ਕੇ ਆਪਣਾ ਮਾਲ ਵੇਚਣ ਵਾਲੇ ਪਿੰਡ ਦੀਆਂ ਕੱਚੀਆਂ ਬੀਹੀਆਂ ਤੇ ਭਾਰੂ ਹੋ ਚੁਕੇ ਸੀ।

ਉਸ ਨਾਸ਼ਤਾ ਕੀਤਾ।

ਸੁਰਿੰਦਰ ਉਸ ਦੇ ਤਿਆਰ ਹੋਣ ਵਿਚ ਮਦਦ ਕਰਦੀ ਰਹੀ।

ਸਦਾ ਦੇ ਉਲਟ ਘਰ ਵਿਚ ਗਲ ਘੁੱਟੂ ਜਿਹੀ ਚੁਪ ਤਣੀ ਹੋਈ ਸੀ।

ਡਿਉੜੀ ਚੋਂ ਬਾਹਰ ਹੋਣ ਲੱਗੇ ਨੂੰ, ਸੁਆਹ ਨਾਲ ਭਾਡੇ ਮਾਂਜਦੀ ਬੇ ਜੀ ਨੇ ਸੰਬੋਧਨ ਕੀਤਾ, "ਜੱ...ਸ! ਕਾਕਾ ਸ਼ਹਿਰ ਚੱਲਿਆਂ ਤਾਂ ਸੁਰਿੰਦਰ ਕੌਰ ਨੂੰ ਵੀ ਨਾਲ ਈ ਲੈ ਜ਼ਾ......ਇਹਦਾ ਵੀ 'ਪਾਸਪੋਟ' ਬਣਨਾ ਦੇ ਦੇਵੀਂ......ਜ਼ਮੀਨਾਂ ਤਾਂ ਖਸਮਾਂ ਨੂੰ ਖਾਣੀਆਂ ਏਥੇ ਈ ਰਹਿਣੀਆਂ..... ਜਦ ਵਾਹੁਣੀਆਂ ਹੋਣਗੀਆਂ ਉਦੋਂ ਖਰੀਦ ਲਿਉ ......ਆਪਣੇ ਬਾਪੂ ਵਲ ਈ ਵੇਖ......ਸਾਰੀ ਉਮਰ ਬਾਹਰ ਕੱਢ ਲਈ......।"

ਉਸਦਾ ਬਾਪੂ ਬਹੁਤ ਚਿਰ ਹੋਇਆ ਕੈਨੇਡਾ ਚਲਾ ਗਿਆ ਸੀ। ਉਹ ਜਦ ਵੀ ਵਾਪਸ ਪਰਤਿਆ ਸੀ, ਉਸ ਜ਼ਮੀਨ ਖਰੀਦੀ ਸੀ। ਜਿਸ ਨੂੰ ਹੁਣ ਤਕ ਬਿਗਾਨੇ ਵਾਹੁੰਦੇ ਰਹੇ।

ਇਕ ਕਦਮ ਅੰਦਰ ਇਕ ਬਾਹਰ ਵੱਲ......ਜਸਜੀਤ ਨੂੰ ਮਾਂ ਦੇ ਲਫ਼ਜ਼ਾਂ ਤੇ ਜਿਵੇਂ ਯਕੀਨ ਜਿਹਾ ਨਹੀਂ ਆਇਆ। ਉਸ ਗਰਦਨ ਭੂਆਂ ਪਿੱਛੇ ਤੱਕਿਆ......।

ਸਿਰ ਤੇ ਮੈਲਾ ਚਿੱਟਾ ਅੱਧੋਰਾਣਾ ਲੀੜਾ ਚਿਹਰੇ ਨੂੰ ਇਕ ਪਾਸਿਉਂ ਕੱਜਦਾ...ਬੇਜੀ ਗਰਦਨ ਝੁਕਾਈ, ਮੁਖ ਤੇ ਦੁਖ — ਸ਼ਰਮ — ਰੋਸ ਦੇਖਣ ਨੂੰ ਸ਼ਾਂਤ — ਅਡੋਲ ਘਰ ਦੇ ਚੁਲ੍ਹੇ ਮੂਹਰੇ ਬੈਠੀ ਘਰ ਦੇ ਜੂਠੇ ਬਰਤਣ ਮਾਂਜ ਰਹੀ ਸੀ......

ਰਸੋਈ ਦੇ ਦਰਾਂ 'ਚ ਖੜ੍ਹੀ ਉਸ ਵੱਲ ਤੱਕਦੀ ਸੁਰਿੰਦਰ ਨੇ ਦੋਹਾਂ ਹੱਥਾਂ ਨਾਲ ਚੁਗਾਠ ਨੂੰ ਘੁਟ ਕੇ ਫੜਿਆ ਹੋਇਆ ਸੀ।

---

ਸਫ਼ਾ ੮੩ ਦੀ ਬਾਕੀ

"ਨਾ-ਨਾ ਵੀਰ ਜੀ, ਕਦੀ ਭੁੱਲਕੇ ਵੀ ਉਸ ਕੋਲ ਕੋਈ ਗੱਲ ਨਾ ਕਰਨਾ। ਉਹ ਤਾਂ ਸਗੋਂ ਮੇਰੇ ਨਾਲ ਜ਼ਿਆਦਾ ਲੜੇਗਾ। ਘਰੋਂ ਬਾਹਰ ਵੀ ਨਹੀਂ ਜਾਣ ਦੇਵੇਗਾ। ਜੇ ਕਦੀ ਉਸ ਨੂੰ ਇਹ ਵੀ ਪਤਾ ਲੱਗ ਗਿਆ ਕਿ ਮੈਂ ਤੁਹਾਨੂੰ ਪਹਿਲਾਂ ਜਾਣਦੀ ਹਾਂ ਤਦ ਤੁਹਾਡੇ ਘਰ ਵੱਲ ਤਾਂ ਕਦੇ ਮੂੰਹ ਵੀ ਨਹੀਂ ਕਰਨ ਦੇਵੇਗਾ।"

"ਹਾਂ ਜੀ ਇਹ ਆਦਮੀ ਲੋਕ ਬਹੁਤ ਤੰਗ ਦਿਲ ਹੁੰਦੇ ਹਨ। ਖੁਦ ਤੇ ਹਨ ਕਿ ਸਾਰੀ ਉਮਰ ਔਰਤਾਂ ਨਾਲ਼ਾਂ ਤੇ ਕੁੜੀਆਂ ਅੰਦਰੀਆਂ ਰੱਖਣ ਪਰ ਘਰੋਂ ਬਾਹਰ ਪੈਰ ਨਾ ਰੱਖੇ। ਸਭ ਜ਼ਿਆਦੀਆਂ ਜ਼ਿਆਦੀਆਂ ਬੱਚੀਆਂ ਦੀ ਸਦਾ ਇਹੀ ਆਪਣੀਆਂ ਪੈ ਫਸਾਣੇ ਦੀ ਲੋੜ, ਕੀ ਹੋਇਆ ਪੜ੍ਹੀ ਹੈ ਪਰ ਆਦਮੀ ਤਾਂ ਫਿਰ ਵੀ ਆਦਮੀ ਹੈ। ਔਰਤ ਵਿਚ ਚੰਗੀ ਹੈ ਆਪਣੇ ਆਦਮੀ ਅੱਗੇ ਬੋਲਣ ਦੀ।"

ਵਹ ਜੱਗੀ ਤੇ ਪ੍ਰੀਤ ਸਾਰੇ ਸਮਾਜ ਤੇ ਆਦਮ-ਜ਼ਾਤ ਦੇ ਵਿਰੁਧ ਹੋ ਗਈਆਂ ਸਨ। ਮੈਂ ਉਠਕੇ ਬਾਹਰ ਨਿਕਲ ਗਿਆ। ਸੜਕ ਤੇ ਤੁਰਿਆ ਜਾਂਦਾ ਸੋਚ ਰਿਹਾ ਸਾਂ ਕਿ ਸਾਡੇ ਤਾਂ ਅਤਾਗਾਹ ਬੈਠੇ ਹੈਂ ਰਹੀ ਦੀਆਂ ਗੱਲੀਆਂ ਗਰਲ-ਫਰੈਂਡ ਵਾਂਗ ਦੀ ਸੁਣਨਾ ਹੈ ਫਿਰ ਹੋਰ ਕੀ ਹਾਲ ਹੋਵੇਗਾ। ਆਹ! ਅਜ ਦੀ ਜੱਗੀ ਤੇ ਕਾਲਜ ਦੀ ਜੱਗੀ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ। ਪਰ ਇਹ ਫਰਕ ਕਰਨ ਵਾਲਾ ਕੌਣ ਹੈ। ਸਾਡਾ ਮੈਲਾ ਸਮਾਜ . . . .

---


## ਪਾਠਕਾਂ ਦੇ ਨਾਂ

* ਜਦੋਂ ਤੁਹਾਡਾ ਪਤਾ ਬਦਲੇ; ਆਪਣਾ ਨਵਾਂ ਪਤਾ, ਫੋਨ ਨੰ: ਤੇ ਚਿਟ ਨੰ: (ਜੋ ਤੁਹਾਡੇ ਐਡਰੈੱਸ ਤੇ ਦਰਜ ਕੀਤਾ ਹੁੰਦਾ ਹੈ) ਜਲਦੀ ਸਾਨੂੰ ਭੇਜੋ।
* ਕਿਸੇ ਮਹੀਨੇ ਪਰਚਾ ਨਾ ਮਿਲੇ, ਸਾਨੂੰ ਸੂਚਿਤ ਕਰੋ।
* ਡਾਕ-ਪ੍ਰਬੰਧ 'ਚ ਤੇਜ਼ੀ ਲਈ ਆਪਣਾ ਕੋਡ ਨੰਬਰ ਜ਼ਰੂਰ ਲਿਖਣਾ ਨਾ ਭੁੱਲੋ!

**WATNO DUR**
P.O. BOX 67681 STN. "O"
VANCOUVER, B.C.
V5W 3V2

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਮੈਂਬਰ ਮੀਟਿੰਗ ਹਰ ਦੂਜੇ ਐਤਵਾਰ ਸ਼ਾਮ ਦੇ ਤਿੰਨ ਵਜੇ ਫਰੇਜ਼ਰਵਿਊ ਨੇਬਰ-ਹੁੱਡ ਹਾਊਸ 6470 ਵਿਕਟੋਰੀਆ ਡਰਾਈਵ (VICTORIA AND 49TH AVE) ਤੇ ਹੁੰਦੀ ਹੈ। ਸਾਹਿਤ ਨਾਲ ਮੋਹ ਰੱਖਣ ਵਾਲੇ ਦੋਸਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ ਸੁਖਵੰਤ ਹੁੰਦਲ ਨੂੰ —321—7221

# ਸ਼ਸ਼ੀ

-ਪਰਮਜੀਤ (ਪੋਸਟ ਅਸਿਸਟੈਂਟ)

ਪਿਕਚਰ ਦੇਖ ਕੇ ਥੀਏਟਰ ਵਿਚੋਂ ਮੈਂ ਤੇ ਮੇਰੀ ਪਤਨੀ ਪ੍ਰੀਤ ਬਾਹਰ ਆ ਰਹੇ ਸਾਂ ਕਿ ਸਾਹਮਣੇ ਆ ਰਹੇ ਜੋੜੇ ਵੱਲ ਦੇਖਕੇ ਮੈਨੂੰ ਅੱਖਾਂ ਤੇ ਯਕੀਨ ਹੀ ਨਾ ਆਇਆ।

"ਓ ਮਾਈ ਗਾਡ! ਸ਼ਸ਼ੀ!! ਰਵੀ ਦੀ ਵਾਈਫ, ਇਕ ਦਮ ਜਿਵੇਂ ਮੈਨੂੰ ਬਿਜਲੀ ਛੂਹ ਗਈ। ਸ਼ਾਇਦ ਸ਼ਸ਼ੀ ਨੇ ਮੈਨੂੰ ਪਛਾਣਿਆਂ ਨਹੀਂ ਸੀ। (ਐਨਾ ਜੋ ਹੋ ਗਿਆ ਸਾਂ)

"ਆਹ ਕਿਉਂ ਖੜਨਾ ਏਂ, ਕਹਿੰਦਾ ਸਾਂ ਨਾ ਤੇਰੇ ਦੇ ਫਰ ਵਰਗੀ ਵਹੁਟੀ ਲਿਆਵਾਂਗਾ" ਰਵੀ ਟਕੋਰ ਕਰ ਕੇ ਲੰਘ ਗਿਆ। ਮੈਂ ਪਤਾ ਨਹੀਂ ਕਿੰਨਾ ਚਿਰ ਸੋਚਾਂ ਵਿਚ ਗਲਤਾਨ ਰਹਿੰਦਾ ਕਿ ਪ੍ਰੀਤ ਨੇ ਮੈਨੂੰ ਪੁੱਛਿਆ।

"ਤੁਸੀਂ ਐਨਾ ਗੁੰਮ ਕਿਉਂ ਹੋ ਗਏ ਹੋ? ਤੁਸੀਂ ਤਾਂ ਕਹਿੰਦੇ ਸੀ ਰਵੀ ਵਰਗੇ ਮੁੰਡੇ ਨੂੰ ਐਨਾ ਚਾਲ ਤੇ ਪੜ੍ਹੀ ਲਿਖੀ ਕੁੜੀ; ਜ਼ਰੂਰ ਕੋਝੀ ਹੋਵੇਗੀ। ਹੁਣ ਤਾਂ ਤੁਸੀਂ ਹੀ ਉਸਦੀ ਸੁੰਦਰਤਾ ਤੇ ਲੱਟੂ ਹੋ ਗਏ ਹੋ।"

"ਅਸਲ ਦਾ ਨਹੀਂ ਮੈਂ ਤਾਂ ਦੁਨੀਆ ਦਾ ਇਸਤੇ ਲੋਭੂ ਹਾਂ (ਮੈਂ ਪ੍ਰੀਤ ਨੂੰ ਖਿਝਾਇਆ) ਰਵੀ ਦਾ ਪਤਨੀ ਸ਼ਸ਼ੀ ਕਦੇ ਮੇਰੀ ਕਲਾਸਫੈਲੋ ਸੀ। ਕਾਲਜ ਦੀ ਹੀਰੋਇਨ, ਹਰ ਫੰਕਸ਼ਨ, ਹਰ ਡੀਬੇਟ ਵਿਚ ਸਭ ਤੋਂ ਅੱਗੇ, ਔਰਤ ਦੇ ਹੱਕਾਂ ਦੀ ਬਰਾਬਰੀ ਲਈ ਲੜਾਈ, ਦਾਜ ਦਹੇਜ ਦੇ ਵਿਰੁਧ ਧੜੱਲੇਦਾਰ ਲੈਕਚਰਬਾਜ਼ੀ, ਸਦਾ ਪਹਿਲਾ ਇਨਾਮ ਇਸ ਨੂੰ ਹੀ ਮਿਲਦਾ ਹੁੰਦਾ ਸੀ। ਮੈਂ ਤਾਂ ਹੈਰਾਨ ਹਾਂ ਰਵੀ ਵਰਗੇ ਜੰਗਲੀ ਨੂੰ ਇਸਨੇ ਕਿਵੇਂ ਪਸੰਦ ਕਰ ਲਿਆ।"

"ਤੁਹਾਨੂੰ ਕਿਸੇ ਦੀਆਂ ਮਜਬੂਰੀਆਂ ਦਾ ਕੀ ਪਤਾ। ਔਰਤ ਆਪਣਾ ਸਾਥੀ ਆਪਣਾ ਅਧਿਕਾਰ ਸਮਝ ਕੇ ਚੁਣੇ ਤਦ ਇਹ ਬਹੁਤ ਵੱਡੀ ਬਦਨਾਮੀ ਸਮਝੀ ਜਾਂਦੀ ਹੈ। ਸ਼ਸ਼ੀ ਵਰਗੀਆਂ ਕਿੰਨੀਆਂ ਕੁੜੀਆਂ ਇਸ ਸਮਾਜ ਦੇ ਰਸਮ ਰਿਵਾਜਾਂ ਤੋਂ ਤੰਗ ਹੋਈਆਂ ਕੁਰਲਾ ਰਹੀਆਂ ਹਨ। ਦਾਜ ਆਦਿ ਦੀਆਂ ਰਸਮਾਂ ਕਾਰਨ ਕੁੜੀਆਂ ਨੂੰ ਤਾਂ ਆਪਣਾ ਜੀਵਨ ਤਬਾਹ ਕਰਨਾ ਪੈਂਦਾ ਹੈ।"

"ਵਾਹ ਬਈ ਵਾਹ! ਮੈਂ ਤਾਂ ਸੋਚਿਆ ਸੀ ਕਿ ਸ਼ਸ਼ੀ ਨੂੰ ਮੈਂ ਪਹਿਲਾਂ ਜਾਣਦਾ ਹਾਂ ਸੁਣਕੇ ਜਲਨ ਉਠੇਗੀ ਪਰ ਉਲਟਾ ਤੂੰ ਤੇ ਉਸਦੀ ਵਕਾਲਤ ਕਰ ਰਹੀ ਹੈਂ। ਮੈਂ ਤਾਂ ਉਂਞ ਤੈਨੂੰ ਦੱਸ ਰਿਹਾ ਹਾਂ ਕਿ ਕੀ ਇਸ ਦੇ ਭਾਸ਼ਣ ਕਾਲਜ ਸਟੇਜ ਤਕ ਹੀ ਸੀਮਤ ਸਨ ਕਿ ਉਹ, ਸਾਡੀ ਮੇਰੀਓ ਭੈਣੋਂ ਆਪਣੇ ਹੱਕ ਮੰਗੋ, ਨਹੀਂ ਮਿਲਦੇ ਤਦ ਖੋਹੋ, ਦਾਜ ਲੈਣ ਜਾਂ ਮੰਗਣ ਵਾਲਿਆਂ ਦੇ ਮੂੰਹ ਤੇ ਥੁੱਕ ਦਿਉ। ਪਰ ਅਸਲ ਦੇਖਣਾ ਹਾਂ ਲੋਕਾਂ ਨੂੰ ਰਸਤਾ ਵਿਖਾਉਂਦੀ ਹੋਈ ਆਪ ਹੀ ਖੱਡ ਵਿਚ ਡਿੱਗ ਪਈ ਹੈ।"

"ਬਸ! ਇਹ ਮਰਦ, ਇਹ ਸਮਾਜ; ਔਰਤ ਦੀਆਂ ਕਮਜ਼ੋਰੀਆਂ ਤੋਂ ਜਾਣੂ ਹੋ ਸਕਦੇ। ਉਸਨੂੰ ਆਪਣੀਆਂ ਸੱਧਰਾਂ, ਉਮੰਗਾਂ ਨੂੰ ਸਮਾਜ ਲਈ ਵਾਰਨਾ ਪੈਂਦਾ ਹੈ।"

"ਮੈਂ ਜਾਣਦਾ ਸਾਂ ਕਿ ਹੁਣ ਪ੍ਰੀਤ ਨੂੰ ਮੈਂ ਨਹੀਂ ਜਿੱਤ ਸਕਾਂਗਾ। ਜੋ ਮੈਂ ਚੁੱਪ ਕਰਕੇ ਕਾਰ ਵਿਚ ਬੈਠ ਗਿਆ। ਸਾਰੇ ਰਾਹ ਅਸੀਂ ਚੁੱਪ ਰਹੇ ਪਰ ਮੈਂ ਸੋਚਾਂ ਵਿਚ ਡੁੱਬਿਆ ਰਿਹਾ। ਰਵੀ ਤੇ ਸ਼ਸ਼ੀ ਮੇਰੀਆਂ ਅੱਖਾਂ ਅੱਗੇ ਘੁੰਮ ਰਹੇ ਸਨ।

ਜਦੋਂ ਰਵੀ ਇੰਡੀਆ ਤੋਂ ਕੁੜਮਾਈ ਕਰਵਾ ਕੇ ਆਇਆ ਤਦ ਉਹ ਸਾਨੂੰ ਸਭ ਨੂੰ ਆਪਣੀ ਹੋਣ ਵਾਲੀ ਪਤਨੀ ਬਾਰੇ ਦੱਸਦਾ ਕਿ ਬੀ.ਏ. ਪਾਸ ਹੈ। ਆਪ ਉਹ ਅੱਠਵੀਂ ਵਿਚ ਸੀ ਜਦੋਂ ਕੈਨੇਡਾ ਆ ਗਿਆ। ਸਾਲ ਕੁ ਇਥੇ ਸਕੂਲ ਗਿਆ। ਫਿਰ ਜਲਦੀ ਹੀ ਮਿਲ ਵਿਚ ਕੰਮ ਕਰਨ ਲੱਗ ਪਿਆ) ਪਰ ਉਹ ਦੱਸਦਾ ਕਿ ਇੰਡੀਆ ਆਪਣੇ ਸਹੁਰਿਆਂ ਨੂੰ ਕਿਹਾ ਸੀ ਕਿ ਮੈਂ ਕੈਨੇਡੇ ਵਿਚ ਅਫਸਰ ਹਾਂ। ਮੈਂ ਇੰਗਲਿਸ਼ ਆਮ ਬੋਲ ਲੈਂਦਾ ਸਾਂ ਤੇ ਮੇਰੇ ਸਹੁਰੇ ਬਹੁਤ ਖੁਸ਼ ਹਨ ਕਿ ਮੈਂ ਵਾਹਵਾ ਪੜ੍ਹਿਆ ਲਿਖਿਆ ਹਾਂ। ਅਸੀਂ ਸਭ ਉਸਦੀਆਂ ਗੱਲਾਂ ਸੁਣਕੇ ਬੜੇ ਖੁਸ਼ ਹੁੰਦੇ ਤੇ ਉਸਦੀ ਕਿਸਮਤ ਤੇ ਰਸ਼ਕ ਕਰਦੇ। ਇਕ ਵਾਰ ਘਰ ਆ ਕੇ ਮੈਂ ਗੱਲ ਕੀਤੀ ਕਿ ਰਵੀ ਬੜਾ ਕਿਸਮਤ ਵਾਲਾ ਹੈ। ਬੀ.ਏ. ਪੜ੍ਹੀ ਕੁੜੀ ਨਾਲ ਵਿਆਹ ਹੋ ਰਿਹਾ ਹੈ। ਪਰ ਪ੍ਰੀਤ ਸੁਣਦਿਆਂ ਸਾਰ ਹੀ ਫਟ ਪਈ:-

"ਕਿਸਮਤ ਨਹੀਂ ਆਉਂਦੀ, ਦੌਲਤ ਨੂੰ ਵਡਿਆਈਆਂ ਦਿੰਦੇ ਹੋ, ਇਹ ਵੀ ਤੁਸੀਂ ਕਦੀ ਸੋਚਿਆ ਕਿ ਪਤਾ ਨਹੀਂ ਕਿਸ ਵਿਚਾਰੀ ਦੀ ਕਿਸਮਤ ਫੁੱਟਣ ਵਾਲੀ ਹੈ। ਇਥੋਂ ਤਾਂ ਜੋ ਵੀ ਜਾਂਦਾ ਹੈ ਬਸ ਇਹੀ ਸੋਚਦਾ ਹੈ ਕਿ ਪੜ੍ਹੀ ਲਿਖੀ ਕੁੜੀ ਨਾਲ ਵਿਆਹ ਹੋਵੇ। ਇਥੇ ਮਿਲਾਂ, ਬੱਸਾਂ, ਫੈਕਟਰੀਆਂ, ਘਾਟਾਂ ਵਿਚ ਕੰਮ ਕਰਕੇ ਸਾਲ ਹੁਣ ਕੇ ਪੈਸਾ ਕਮਾਉਂਦੇ ਹਨ (ਕੰਮ ਦਾ ਮਿਹਣਾ ਨਹੀਂ ਪਰ ਝੂਠ ਕਿਉਂ ਬੋਲਦੇ ਹਨ) ਪਰ ਇੰਡੀਆ ਜਾਕੇ ਪਾਣੀ ਵਾਂਗ ਪੈਸਾ ਵਹਾਉਂਦੇ ਹਨ। ਦੇਖਣ ਵਾਲੇ ਸਮਝਦੇ ਹਨ ਕਿ ਅਮਰੀਕਾ, ਕੈਨੇਡਾ ਵਿਚ ਸ਼ਾਇਦ ਪੈਸਿਆਂ ਦਾ ਖੂਹ ਹੈ। ਹਰ ਕੋਈ ਅੱਖਾਂ ਮੀਟ ਕੇ ਉਸ ਖੂਹ ਵਿਚ ਡਿੱਗਣਾ ਚਾਹੁੰਦਾ ਹੈ। ਅਗਰ ਕੋਈ ਸਾਵਧਾਨ ਵੀ ਕਰਨਾ ਚਾਹੇ ਤਦ ਸੋਚਦੇ ਹਨ ਕਿ ਇਹ ਸਾਡੇ ਨਾਲ ਈਰਖਾ ਕਰਦੇ ਹਨ, ਤਦੇ ਸਾਡਾ ਸਬੰਧ ਨਹੀਂ ਬਣਨ ਦੇਣਾ ਚਾਹੁੰਦੇ। ਬਾਅਦ ਵਿਚ ਚਾਹੇ ਰੋਣੀਂ ਹੱਥੀਂ ਪਿੱਟਣ।" ਪ੍ਰੀਤ ਨੂੰ ਗੁੱਸੇ ਵਿਚ ਦੇਖਕੇ ਮੈਂ ਉਸ ਨਾਲ ਚੁੱਪ ਸਹਿਮਤ ਹੋ ਗਿਆ ਸਾਂ।

"ਸਾਡੇ ਸ਼ਹਿਰ ਵਿਚ ਰਵੀ ਦੇ ਵਿਆਹ ਦਾ ਚਰਚਾ ਸੀ। ਉਸਦੀ ਹੋਣ ਵਾਲੀ ਪਤਨੀ ਆਪਣੇ ਰਿਸ਼ਤੇਦਾਰਾਂ ਪਾਸ ਵਿਕਟੋਰੀਆ ਆ ਗਈ ਸੀ। ਵਿਆਹ ਹੋ ਗਿਆ। ਲੋਕ ਦਾਜ ਦੀਆਂ ਚੀਜ਼ਾਂ ਗਿਣ ਗਿਣ ਕੇ ਭੁੱਲ ਜਾਂਦੇ ਕਿ ਕੀ ਕੁਝ ਦਿੱਤਾ ਹੈ। ਬੁੱਢੀਆਂ ਜਿਨ੍ਹਾਂ ਦੇ ਸਾਰੇ ਪੁੱਤ ਵਿਆਹੇ ਜਾ ਚੁੱਕੇ ਸਨ ਉਹ ਆਪਣੇ ਭਾਗਾਂ ਨੂੰ ਕੋਸਦੀਆਂ ਕਿ ਉਨ੍ਹਾਂ ਨੂੰ ਦਾਜ ਨਾਲ ਘਰ ਭਰਨ ਵਾਲੀ ਬਹੂ ਕਿਉਂ ਨਹੀਂ ਮਿਲੀ। ਪ੍ਰੀਤ ਨਾਲ ਗੱਲਾਂ ਕਰ ਰਹੀ ਘਰ ਤੋਂ ਲਗਦੀ ਮੇਰੀ ਇਕ ਚਾਚੀ ਤੋਂ ਤਾਂ ਰਹਿ ਹੀ ਨਾ ਹੋਇਆ।

"ਮੈਂ ਵੀ ਤਿੰਨ ਪੁੱਤ ਵਿਆਹ ਲਏ, ਪਰ ਭਾਗ ਨਹੀਂ ਲੱਗੇ, ਹੁਣ ਚੌਥੇ ਦੀ ਵਾਰੀ ਤਾਂ ਮੈਂ ਵੀ ਸੋਚ ਸਮਝ ਕੇ ਸਾਕ ਕਰਾਂਗੀ ਤੇ ਆਪਣੀਆਂ ਸਭ ਰੀਝਾਂ ਲਾਹਵਾਂਗੀ (ਉਸ ਦੇ ਪੰਜ ਪੁੱਤਰ ਹਨ ਵਾਰ ਵਾਰ ਉਸ ਦੀ ਭੁੱਖ ਵਧਦੀ ਹੀ ਜਾ ਰਹੀ ਸੀ) ਪ੍ਰੀਤ

ਪ੍ਰੀਤ ਤਾਂ ਗੁੱਸੇ ਵਿਚ ਚੁੱਪ ਰਹੀ ਪਰ ਮੇਰੇ ਕੋਲੋਂ ਨਾ ਰਹਿ ਹੋਇਆ "ਚਾਚੀ ਮੈਂ ਤਾਂ ਸੁਣਿਆ ਸੀ ਕਿ ਪੰਜਾਬੀ ਦੁੱਧ ਤੇ ਪੁੱਤ ਨਹੀਂ ਵੇਚਦੇ, ਪਰ ਅਜੋਕੇ ਸਮੇਂ ਵਿਚ ਦੁੱਧ ਦੀ ਤਾਂ ਗੱਲ ਹੀ ਛੱਡੋ, ਪੁੱਤਾਂ ਦੇ ਸ਼ਰੇਆਮ ਸੌਦੇ ਹੋ ਰਹੇ ਹਨ। ਜੋ ਵਧ ਤੋਂ ਵੱਧ ਬੋਲੀ ਦੇਵੇ ਉਹ ਹੀ ਉਸ ਨਾਲ ਧੀ ਵਿਆਹ ਲਵੇ।"

"ਹੁਣ ਸ਼ਸ਼ੀ ਬਾਰੇ ਹੀ ਸੋਚੀ ਜਾਏਂਗੇ, ਆਪਣੀ ਸਟਰੀਟ ਪਿਛੇ ਤਾਂ ਪਿਛੇ ਰਹਿ ਗਈ ਹੈ" ਪ੍ਰੀਤ ਨੇ ਮੈਨੂੰ ਸਾਵਧਾਨ ਕੀਤਾ। ਪਰ ਮੇਰਾ ਜੀਅ ਉਦਾਸ ਸੀ।

ਥੋੜੇ ਹੀ ਦਿਨਾਂ ਬਾਅਦ ਅਸੀਂ ਰਵੀ ਤੇ ਸ਼ਸ਼ੀ ਨੂੰ ਆਪਣੇ ਘਰ ਸੱਦਾ ਦਿੱਤਾ। ਮੈਂ ਵੇਖਿਆ ਸ਼ਸ਼ੀ ਦਾ ਚਿਹਰਾ ਕੁਮਲਾਇਆ ਹੋਇਆ ਸੀ। ਗੱਲਾਂ ਗੱਲਾਂ 'ਚ ਉਹ ਨੇ ਮੈਨੂੰ ਪਛਾਣ ਲਿਆ ਪਰ ਪਤੀ ਸਾਹਮਣੇ ਜ਼ਾਹਿਰ ਨਹੀਂ ਕੀਤਾ ਕਿ ਮੈਨੂੰ ਜਾਣਦੀ ਹੈ। ਪਰ ਮੈਂ ਹੈਰਾਨ ਸਾਂ ਕਿ ਕਾਲਜਾਂ ਵਿਚ ਕਦੀ ਵੀ ਕਿਸੇ ਮੁੰਡੇ ਜਾਂ ਕੁੜੀ ਤੋਂ ਹਾਰ ਨਾ ਮੰਨਣ ਵਾਲੀ ਸ਼ਸ਼ੀ ਵਿਚੋਂ ਸਭ ਕੁਝ ਹਾਰ ਚੁੱਕੀ ਪ੍ਰਤੀਤ ਹੋ ਰਹੀ ਹੈ। ਪ੍ਰੀਤ ਨਾਲ ਉਹ ਜਲਦੀ ਘੁਲ-ਮਿਲ ਗਈ ਸੀ। ਮੈਂ ਖੁਸ਼ ਸਾਂ ਕਿ ਪ੍ਰੀਤ ਆਪਣੀ ਫ਼ਲਾਸਫ਼ੀ ਹੁਣ ਸ਼ਸ਼ੀ ਨਾਲ ਸਾਂਝੀ ਕਰ ਸਕੇਗੀ। ਪਰ ਉਹ ਜਲਦੀ ਵਾਪਸ ਚਲੇ ਗਏ।

"ਮੈਨੂੰ ਨਹੀਂ ਲਗਦਾ ਕਿ ਸ਼ਸ਼ੀ ਰਵੀ ਨੂੰ ਜ਼ਾਹਿਰ ਕਰਦੀ ਹੋਵੇਗੀ। ਉਹ ਬਹੁਤ ਘੁੱਟੀ ਘੁੱਟੀ ਰਹੀ ਹੈ। ਉਸ ਦਾ ਕੁੱਝ ਕਹਿਣ ਨੂੰ ਜੀਅ ਕਰਦਾ ਸੀ ਪਰ ਰਵੀ ਕਰਕੇ ਵਿਚਾਰੀ ਚੁੱਪ ਰਹੀ" ਪ੍ਰੀਤ ਉਨ੍ਹਾਂ ਦੇ ਜਾਂਦਿਆਂ ਸਾਰ ਹੀ ਬੋਲੀ।

"ਤੈਨੂੰ ਤਾਂ ਐਵੇਂ ਹਰ ਇਕ ਤੇ ਤਰਸ ਆਉਣ ਲੱਗ ਪੈਂਦਾ ਹੈ। ਉਹ ਸਭ ਨੂੰ ਠੀਕ ਕਰ ਲਵੇਗੀ। ਜਾਣ ਪਛਾਣ ਤਾਂ ਹੋ ਹੀ ਗਈ ਹੈ। ਉਹਨੂੰ ਕੱਲ ਨੂੰ ਘਰ ਸੱਦ ਕੇ ਫਿਰ ਗੱਲਾਂ ਕਰ ਲਈਂ।" ਅਸਲ ਵਿਚ ਮੇਰਾ ਜੀਅ ਕਰ ਰਿਹਾ ਸੀ ਉਸ ਨਾਲ ਗੱਲਾਂ ਕਰਨ ਨੂੰ।

ਕੁਝ ਦਿਨਾਂ ਬਾਅਦ ਪ੍ਰੀਤ ਸਚਮੁੱਚ ਹੀ ਸ਼ਸ਼ੀ ਨੂੰ ਆਪਣੇ ਨਾਲ ਘਰ ਲੈ ਆਈ। ਕੁਝ ਦੇਰ ਅਸੀਂ ਐਵੇਂ ਇਧਰ ਉਧਰ ਦੀਆਂ ਮਾਰਦੇ ਰਹੇ। ਫਿਰ ਜਦੋਂ ਸ਼ਸ਼ੀ ਕੁਝ ਖੁੱਲ ਕੇ ਬੋਲਣ ਲੱਗ ਪਈ ਤਾਂ ਮੈਂ ਉਸਨੂੰ ਪੁਰਾਣੀਆਂ ਗੱਲਾਂ ਯਾਦ ਕਰਵਾਉਣੀਆਂ ਚਾਹੀਆਂ।

"ਸ਼ਸ਼ੀ ਸ਼ਾਇਦ ਤੂੰ ਕਾਲਜ ਦੇ ਦਿਨ ਭੁੱਲ ਗਈ ਏਂ ਜਦ ਤੂੰ ਲੈਕਚਰ ਕਰਿਆ ਕਰਦੀ ਸੈਂ, ਦਾਜ ਦਹੇਜ ਦੀ ਰਸਮ ਖਤਮ ਕਰਨ ਵਾਸਤੇ, ਇਸਤ੍ਰੀ ਲਈ ਆਦਮੀ ਦੇ ਬਰਾਬਰ ਹੱਕਾਂ ਬਾਰੇ, ਕੀ ਉਹ ਸ਼ਾਇਦ ਸਿਰਫ਼ ਡੀਬੇਟਾਂ ਵਿਚੋਂ ਇਨਾਮ ਲੈਣ ਖਾਤਰ ਹੀ ਸੀ। ਸਿਰਫ ਕਾਲਜ ਵਿਚ ਵਾਹ ਵਾਹ ਦੀ ਭੁੱਖੀ ਸੈਂ ਨਹੀਂ ਤਾਂ ਹੁਣ ਕੁਝ ਕਰਕੇ ਵਿਖਾਉਂਦੀ। ਤੂੰ ਦਾਜ-ਦਹੇਜ ਵਿਰੁਧ ਕਿੰਨੇ ਜ਼ੋਰ ਸ਼ੋਰ ਨਾਲ ਦਲੀਲਾਂ ਦਿਆ ਕਰਦੀ ਸੈਂ, ਕੀ ਤੇਰਾ ਲੈਕਚਰ ਅਨਪੜ੍ਹ ਲੋਕਾਂ ਵਾਸਤੇ ਸੀ? ਤੂੰ ਹੋਰਨਾਂ ਨੂੰ ਫੋਕੀਆਂ ਰਸਮਾਂ ਦੇ ਦਾਇਰੇ ਚੋਂ ਕੱਢਣਾ ਚਾਹੁੰਦੀ ਸੈਂ ਤੇ ਅਜ ਆਪਣੇ ਵਿਆਹ ਵਿਚ ਦਾਜ ਦੀਆਂ ਪੰਡਾਂ ਬੰਨ੍ਹ ਲਿਆਈ ਏਂ। ਵਾਹ! ਸੁਧਾਰਵਾਦੀ ਨੇਤਾ।"

"ਕਹਿ ਲਓ ਜੋ ਕਹਿਣਾ ਹੈ, ਹੁਣ ਤੁਹਾਡੇ ਦਿਨ ਹਨ। ਜਦ ਮੇਰੇ ਦਿਨ ਸਨ, ਮੈਂ ਕਦੇ ਹਾਰ ਨਹੀਂ ਸੀ ਮੰਨੀ। ਜੋ ਕੁਝ ਮੈਂ ਉਦੋਂ ਸੀ ਉਹ ਵੀ ਸੱਚ ਸੀ ਜੋ ਕੁਝ ਮੈਂ ਅੱਜ ਹਾਂ ਇਹ ਵੀ ਸੱਚ ਹੈ। ਵਿਚਾਰ ਅੱਜ ਵੀ ਮੇਰੇ ਉਹ ਹੀ ਹਨ ਪਰ ਕੁਚਲੇ ਜਾ ਚੁੱਕੇ ਹਨ। ਮਾਪਿਆਂ ਦੀ ਟੇਕ ਤੇ ਕੁੜੀ ਵਿਰੁਧ ਅੱਗੇ ਕੀ ਜ਼ੋਰ ਚੱਲ ਸਕਦਾ ਹੈ। ਟੇਕੀ ਫੂਟਾਂ ਤੇ ਸਮਾਜ ਜ਼ਿਆਦਾ ਭੁਲਦਾ ਹੈ। ਲੋਕ ਪੈਸੇ ਦੇ ਭੁੱਖੇ ਹਨ ਕਿਸੇ ਦੇ ਗੁਣਾਂ ਦੀ ਕਦਰ ਨਹੀਂ ਕਰਦੇ।" ਸ਼ਸ਼ੀ ਜੋਸ਼ ਵਿਚ ਆ ਗਈ ਸੀ।

"ਮੈਂ ਘਰਦਿਆਂ ਨੂੰ ਬਥੇਰਾ ਕਿਹਾ ਕਿ ਮੁੰਡਾ ਪੜ੍ਹਿਆ ਕੀ ਹੈ ਸਿਰਫ ਅੱਠ ਜਮਾਤਾਂ, ਪਰ ਉਨ੍ਹਾਂ ਕਿਹਾ ਕਿ ਕੈਨੇਡੀਅਨ ਗਰੈਜੂਏਟ ਹੈ। ਰੋਜ਼ ਰੋਜ਼ ਨਹੀਂ ਖਾਨਦਾਨੀ ਮੁੰਡੇ ਮਿਲਦੇ। ਮੈਂ ਕਿਹਾ ਮੈਂ ਵੀ ਦੋ ਚਾਰ ਗੱਲਾਂ ਮੁੰਡੇ ਨਾਲ ਕਰਨਾ ਚਾਹੁੰਦੀ ਹਾਂ ਤਾਂ ਮੈਨੂੰ ਕਹਿੰਦੇ ਤਕੜੇ ਘਰਾਂ ਦੀਆਂ ਕੁੜੀਆਂ ਨੂੰ ਇਹ ਗੱਲਾਂ ਨਹੀਂ ਸੋਭਦੀਆਂ। ਅਸੀਂ ਤੇਰੇ ਮਾਪੇ ਹਾਂ ਦੁਸ਼ਮਣ ਨਹੀਂ, ਪਰ ਇਕ ਗੱਲ ਦਾ ਉਨ੍ਹਾਂ ਦਾ ਮੇਰੇ ਨਾਲ ਵਾਇਦਾ ਸੀ ਕਿ ਦਾਜ ਨਹੀਂ ਦੇਣਗੇ। ਰਵੀ ਦੇ ਘਰ ਦੇ ਵੀ ਕਹਿੰਦੇ ਸੀ ਕਿ ਉਹ ਦਾਜ ਦਹੇਜ ਦੇ ਵਿਰੁਧ ਹਨ।"

"ਸ਼ਸ਼ੀ ਤੂੰ ਰਵੀ ਦੇ ਘਰ ਦਿਆਂ ਬਾਰੇ ਕਹਿ ਰਹੀ ਏਂ? ਇਹ ਟੱਬਰ ਤਾਂ ਬਹੁਤ ਲਾਲਚੀ ਹੈ ਪੈਸਾ ਇਨ੍ਹਾਂ ਦੀ ਜਾਨ ਹੈ। ਪਰ ਜਦ ਇਨ੍ਹਾਂ ਨੇ ਦਾਜ ਨੂੰ ਨਾਂਹ ਕੀਤੀ ਸੀ ਤਾਂ ਫਿਰ ਐਨੇ ਅਡੰਬਰ ਦੀ ਕੀ ਲੋੜ ਸੀ?" ਪ੍ਰੀਤ ਚਾਹ ਲੈ ਕੇ ਆਉਂਦੀ ਬੋਲੀ।

"ਤੁਹਾਨੂੰ ਸ਼ਾਇਦ ਨਹੀਂ ਪਤਾ ਵਿਕਟੋਰੀਆ ਮੇਰੇ ਮਾਮਾ ਜੀ ਤੇ ਮਾਮੀ ਜੀ ਰਹਿੰਦੇ ਹਨ। ਜਦੋਂ ਮੈਂ ਉਨ੍ਹਾਂ ਕੋਲ ਆ ਗਈ ਤਦ ਮੇਰੇ ਸਹੁਰਿਆਂ ਨੇ ਉਨ੍ਹਾਂ ਕੋਲ ਆਪਣੀਆਂ ਮੰਗਾਂ ਰੱਖੀਆਂ ਕਿ ਇਹ ਪੂਰੀਆਂ ਕਰੋ ਨਹੀਂ ਤਾਂ ਅਸੀਂ ਆਪਣਾ ਮੁੰਡਾ ਹੋਰ ਕਿਤੇ ਵਿਆਹ ਲਵਾਂਗੇ ਤੇ ਕੁੜੀ ਬੇਸ਼ਕ ਇੰਡੀਆ ਵਾਪਸ ਭੇਜ ਦਿਓ।" ਸ਼ਸ਼ੀ ਬਹੁਤ ਹੀ ਉਦਾਸ ਹੋ ਗਈ ਸੀ।

"ਪਰ ਸ਼ਸ਼ੀ ਇਹ ਤਾਂ ਸਨ ਹੀ ਇੰਜੇ ਕਿਤੇ, ਤੇਰੇ ਘਰ ਦੇ ਇਨ੍ਹਾਂ ਦੇ ਝਾਂਸੇ ਵਿਚ ਆ ਗਏ"

"ਹਾਂ ਫਿਰ, ਤੁਸੀਂ ਸੋਚੋ ਕਿ ਮੈਂ ਆਪਣੀ ਜ਼ਿਦ ਰੱਖਦੀ ਕਿ ਦਾਜ ਨਹੀਂ ਲੈਣਾ, ਵਿਆਹ ਬੇਸ਼ਕ ਨਾ ਹੋਵੇ ਤੇ ਇੰਡੀਆ ਵਾਪਸ ਚਲੀ ਜਾਂਦੀ। ਉਥੇ ਤਾਂ ਸਭ ਨੇ ਇਹ ਹੀ ਕਹਿਣਾ ਸੀ ਕਿ ਕੁੜੀ ਵਿਚ ਕੋਈ ਖਰਾਬੀ ਹੋਵੇਗੀ। ਮੇਰੀ ਤੇ ਮੇਰੇ ਘਰਦਿਆਂ ਦੀ ਬਦਨਾਮੀ ਹੋਣੀ ਸੀ। ਇੰਡੀਆ ਕਿਸੇ ਨੇ ਵੀ ਮੇਰੇ ਨਾਲ ਵਿਆਹ ਕਰਨ ਨੂੰ ਤਿਆਰ ਨਹੀਂ ਹੋਣਾ ਸੀ। ਘਰ ਦਿਆਂ ਨੇ ਵੀ ਮੂੰਹ ਨਹੀਂ ਲਾਉਣਾ ਸੀ। ਇਕ ਵਾਰ ਦੀ ਠੁਕਰਾਈ ਔਰਤ ਸਾਰੀ ਉਮਰ ਠੋਕਰਾਂ ਖਾਂਦੀ ਹੈ। ਇਹ ਸਭ ਕਾਲਜ ਵਿਚ ਨਹੀਂ; ਅਸਲੀ ਜ਼ਿੰਦਗੀ ਵਿਚ ਜਾਣੇ ਆਉਂਦੀ ਹੈ।"

"ਠੀਕ ਸ਼ਸ਼ੀ ਇਹ ਵੀ ਮੰਨਿਆ ਕਿ ਮਜਬੂਰ ਸੀ। ਤੇਰੇ ਪਾਸੇ ਤੇਰੇ ਮਾਮਾ-ਮਾਮੀ ਨਜ਼ਦੀਕੀ ਰਿਸ਼ਤੇਦਾਰ, ਮਾਂ-ਪਿਉ ਵਰਗੇ ਕੋਲ ਸਨ। ਉਨ੍ਹਾਂ ਦਾ ਕੰਮ ਇਥੇ ਚੰਗਾ ਸੀ ਕੋਲ ਪੈਸੇ ਸਨ; ਜੋ ਤੇਰੇ ਸਹੁਰਿਆਂ ਮੰਗਿਆਂ ਉਨ੍ਹਾਂ ਨੂੰ ਮਿਲ ਗਿਆ। ਪਰ ਸੋਚ ਉਨ੍ਹਾਂ ਅਭਾਗਣਾਂ ਬਾਰੇ ਜੋ ਇਥੇ ਵਿਆਹ ਕਰਾਉਣ ਆਉਂਦੀਆਂ ਹਨ ਜਿਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਇਥੇ ਨਹੀਂ ਹੁੰਦੇ ਜਾਂ ਜਿਨ੍ਹਾਂ ਦੇ ਮਾਪੇ ਸਹੁਰਿਆਂ ਦੇ ਅੱਗੇ ਮੂੰਹ ਬੰਦ ਨਹੀਂ ਕਰ ਸਕਦੇ, ਉਨ੍ਹਾਂ ਵਿਚਾਰੀਆਂ ਦਾ ਔਖਿਆਂ ਸੁਖਾਲਿਆਂ ਵਿਆਹ ਭਾਵੇਂ ਹੋ ਜਾਵੇ ਪਰ

ਸਾਰੀ ਉਮਰ ਮਿਹਣਿਆਂ ਦੇ ਭਾਰ ਕਰਕੇ ਗਰਦਨ ਉੱਚੀ ਨਹੀਂ ਕਰ ਸਕਦੀਆਂ।" ਮੈਨੂੰ ਸ਼ਾਇਦ ਸ਼ਸ਼ੀ ਨੂੰ ਰਜਾਉਣ ਦਾ ਇਹੋ ਮੌਕਾ ਮਿਲਿਆ ਸੀ।

"ਪਰ ਸ਼ਸ਼ੀ ਕੀ ਇਹ ਸੱਚ ਨਹੀਂ ਸੀ ਕਿ ਜੋ ਚੀਜ਼ਾਂ ਵੀ ਤੇਰੇ ਸਹੁਰਿਆਂ ਨੇ ਮੰਗੀਆਂ ਸਨ ਉਨ੍ਹਾਂ ਦੀ ਕੀਮਤ ਉਹ ਤੇਰੇ ਤੇ ਰਵੀ ਦੇ ਨਾਂ ਕਰ ਦਿੰਦੇ। ਇਸ ਝੂਠੀ ਲੋਕਾਚਾਰੀ ਤੇ ਵਾਰ ਵਾਰ ਦੀ ਕੀ ਲੋੜ ਸੀ। ਪਰ ਸ਼ੁਕਰ ਹੈ ਤੈਂ ਵਿਆਹ ਕਰ ਲਿਆ ਤੇਰੇ ਪਿਆਰ ਦਿਆਂ ਦਾ ਨੱਕ ਵੱਢੂ ਹੋਣ ਤੋਂ ਬਚ ਗਿਆ। ਅਗਰ ਤੇਰੇ ਵਰਗੀਆਂ ਸਭ ਸੱਚ ਹੀ ਬਗਾਵਤ ਕਰ ਦੇਣ ਸ਼ਾਇਦ ਅੱਧੇ ਲੋਕ ਬਗੈਰ ਨੱਕ ਦੇ ਹੀ ਰਹਿ ਜਾਣ।"

"ਤੁਸੀਂ ਕਿਉਂ ਵਿਚਾਰੀ ਨੂੰ ਤੰਗ ਕਰ ਰਹੇ ਹੋ? ਹੁਣ ਪ੍ਰੀਤ ਆਪਣੇ ਫਲਸਫੇ ਤੇ ਪਈ ਸੀ।" ਸਿਰਫ ਗੱਲਾਂ ਨਾਲ ਹੀ ਤਾਂ ਨਹੀਂ ਜ਼ਿੰਦਗੀ ਕੱਟੀ ਜਾਂਦੀ ਤੇ ਸਮਾਜ ਵਿਚ ਰਿਹਾ ਜਾਂਦਾ। ਇਨਸਾਨ ਇਕੱਲਾ ਵੀ ਨਹੀਂ ਰਹਿ ਸਕਦਾ। ਉਹ ਇਕ ਸਮਾਜਿਕ ਪ੍ਰਾਣੀ ਹੈ। ਸਮਾਜ ਬਿਨਾਂ ਇਵੇਂ ਤੜਫਦਾ ਹੈ ਜਿਵੇਂ ਮੱਛੀ ਬਗੈਰ ਪਾਣੀ ਦੇ। ਇਕ ਦੋ ਦੇ ਰਸਮਾਂ ਤੋੜਨ ਨਾਲ ਇਹ ਨਹੀਂ ਟੁਟਦਾ। ਰਸਮਾਂ ਤੋੜਨ ਵਾਲਾ ਇਨਸਾਨ ਬਦਨਾਮ ਹੋ ਜਾਂਦਾ ਹੈ ਪਰ ਸਮਾਜ ਦੀਆਂ ਰਸਮਾਂ ਦੀਆਂ ਨੀਂਹਾਂ ਵਿਚ ਫੁੱਟ ਆਤਰ ਵੀ ਨਹੀਂ ਆਉਂਦੀ। ਗੱਲਾਂ ਕਰਨੀਆਂ, ਲੈਕਚਰ ਦੇਣੇ ਤੇ ਅਸਲ ਜ਼ਿੰਦਗੀ ਵਿਚ ਜੀਣਾ ਬੜਾ ਫਰਕ ਹੈ। ਤੁਸੀਂ ਨਹੀਂ ਜਾਣ ਸਕਦੇ ਕਿ ਸਮਾਜ ਵਲੋਂ ਇਕ ਵਾਰ ਠੁਕਰਾਈ ਲੜਕੀ ਕਿੰਨੀ ਦੂਰ ਜਾ ਡਿਗਦੀ ਹੈ।"

ਵਾਤਾਵਰਣ ਗੰਭੀਰ ਹੋ ਗਿਆ ਸੀ

"ਛੱਡੋ, ਛੱਡੋ ਇਹ ਗੱਲਾਂ ਕੋਈ ਹੋਰ ਗੱਲ ਕਰੀਏ" ਮੈਂ ਇਕ ਤਰ੍ਹਾਂ ਬਹਿਸ ਖਤਮ ਕਰਨੀ ਚਾਹੀ, "ਹਾਂ ਸੱਚ, ਸ਼ਸ਼ੀ ਤੈਨੂੰ ਰਵੀ ਦਾ ਵਿਅਕਤੀਤਵ ਕਿਵੇਂ ਲੱਗਾ?

"ਉਹ ਹੁਣ ਸ਼ਾਇਦ ਤੁਸੀਂ ਕਾਲਜ ਦੀ ਸਟੇਜ ਭੁੱਲ ਗਏ ਹੋ ਜਦ ਜੀ ਤੁਸੀਂ ਇਕ ਵਾਰ ਕਾਲਜ ਵਿਚ ਸਾਡੇ ਸੰਗਠਨ ਵਲੋਂ ਖੇਡਿਆ "ਅਣਪੜ੍ਹ" ਡਰਾਮਾ ਤੇ ਉਸ ਦੀ ਹੀਰੋਇਨ ਨੂੰ ਵੀ ਭੁੱਲ ਗਏ ਹੋ। ਸ਼ਾਇਦ ਉਸ ਡਰਾਮੇ ਲਈ ਮੈਨੂੰ ਇਸ ਕਰਕੇ ਚੁਣਿਆ ਗਿਆ ਸੀ ਕਿ ਮੈਂ ਆਪਣਾ ਰੋਲ ਚੰਗੀ ਤਰ੍ਹਾਂ ਨਿਭਾ ਸਕਾਂ। ਉਦੋਂ ਕੀ ਪਤਾ ਸੀ ਕਿ ਉਹ ਰੋਲ ਜ਼ਿੰਦਗੀ ਭਰ ਦਾ ਰੋਲ ਬਣ ਜਾਏਗਾ। ਜ਼ਿੰਦਗੀ ਹੀ ਤਾਂ ਅਸਲੀ ਸਟੇਜ ਹੈ। ਹੁਣ ਮੈਨੂੰ ਉਹ ਗਾਣਾ ਯਾਦ ਆ ਰਿਹਾ ਹੈ।

"ਹਸ ਲਓ ਕੁੜੀਓ, ਖੇਡ ਲਓ ਕੁੜੀਓ,
ਹੱਸਣਾ ਖੇਡਣਾ ਰਹਿ ਜਾਊਗਾ
ਕੋਈ ਭੂਤਨਾ ਲਿਜਾ ਕੱਟ ਕੇ ਜਾਊਗਾ।"

"ਸੋ ਹੁਣ ਸਭ ਕੁਝ ਪਿਛੇ ਰਹਿ ਗਿਆ। ਵਿਆਹ ਨੂੰ ਲੈ ਕੇ ਖੁਸ਼ੀਆਂ ਮਨਾਉਂਦੇ ਹਨ ਮੈਂ ਤਾਂ ਕਹਿੰਦੀ ਹਾਂ ਕਿ ਅਸਲ ਵਿਚ ਕੁੜੀ ਦੀ ਆਤਮਾ ਤਾਂ ਉਸੇ ਦਿਨ ਮਰ ਜਾਂਦੀ ਹੈ। ਸਭ ਕੁਝ ਖਤਮ ਹੋ ਜਾਂਦਾ ਹੈ। ਅਗਰ ਲੜਕੀ ਨੂੰ ਆਪਣੇ ਖਿਆਲ ਆਪਣੀ ਸੂਝ ਦਾ ਆਪਣੇ ਪਤੀ ਅੱਗੇ ਕਤਲ ਕਰਨਾ ਪੈਂਦਾ ਹੈ ਫਿਰ ਕੀ ਲੋੜ ਹੈ ਉਸ ਨੂੰ ਸੂਝ-ਵਾਨ ਬਣਨ ਦੀ, ਕਿੰਨਾ ਚੰਗਾ ਹੁੰਦਾ ਮੈਂ ਅਣਪੜ੍ਹ ਹੁੰਦੀ। ਮੈਂ ਨਾ ਕੁਝ ਜਾਣਦੀ, ਨਾ ਸੋਚਦੀ। ਇਵੇਂ ਜਿਹਾ ਵਾਤਾਵਰਣ ਮਿਲਣਾ ਕਬੂਲ ਸੀ।" ਸ਼ਸ਼ੀ ਬਹੁਤ ਭਾਵੁਕ ਹੋ ਗਈ ਸੀ।

"ਮਾਫ ਕਰਨਾ ਸ਼ਸ਼ੀ, ਮੈਂ ਤੇਰਾ ਮਨ ਦੁੱਖੀ ਕੀਤਾ ਹੈ ਮੈਂ ਤਾਂ ਤੈਨੂੰ ਐਵੇਂ ਇਕ ਤਰ੍ਹਾਂ ਮਿਹਣੇ ਹੀ ਮਾਰਨ ਲੱਗ ਪਿਆ। ਮੈਨੂੰ ਕੀ ਪਤਾ ਤੂੰ ਕਿੰਨੀ ਮਜਬੂਰ ਸੀ" ਮੈਂ ਬਹੁਤ ਦੁਖੀ ਹੋ ਗਿਆ ਸਾਂ।

"ਤੁਸੀਂ ਵੀ ਤਾਂ ਉਨ੍ਹਾਂ ਪੱਥਰਾਂ ਵਿਚੋਂ ਇਕ ਹੋ, ਜੋਰ ਲਾਉਣ ਨਾਲ ਤਾਂ ਕਈ ਵਾਰ ਪੱਥਰ ਵੀ ਟੁੱਟ ਜਾਂਦਾ ਹੈ। ਪਰ ਆਦਮੀ ਰੂਪੀ ਪੱਥਰ ਤਾਂ ਕਦੀ ਪਿਘਲ ਨਹੀਂ ਸਕਦਾ। ਕੇਵਲ ਆਪਣਾ ਸਭ ਕੁਝ ਉਸ ਲਈ ਕੁਰਬਾਨ ਕਰ ਦਿਓ।" ਪ੍ਰੀਤ ਵੀ ਸ਼ਸ਼ੀ ਨਾਲ ਰਲ ਗਈ ਸੀ।

"ਹਾਂ ਪ੍ਰੀਤ ਸਭ ਕੁਝ ਸਹਿ ਲਿਆ, ਰਵੀ ਅਣਪੜ੍ਹ ਹੈ ਕਬੂਲ ਕਰ ਲਿਆ ਪਰ ਉਹ ਤਾਂ ਇਕ ਤਰ੍ਹਾਂ ਜੰਗਲੀ ਹੈ। ਮੈਂ ਆਪਣੇ ਘਰ ਵਿਚ ਆਦਮੀ ਤੇ ਔਰਤ ਦਾ ਸਸਤਾ ਵੇਖਣਾ ਵੀ ਨਹੀਂ ਸੀ ਦੇਖਿਆ। ਮੈਨੂੰ ਕਿਸੇ ਨੇ ਸਬਰ ਤਕ ਨਹੀਂ ਕੀਤੀ ਕਿ ਉਹ ਕਿੰਨੀ ਕੁ ਅਕਲ ਦਾ ਮਾਲਕ ਹੈ। ਪਹਿਰਿਆਂ ਨੇ ਉਸਦੀ ਸ਼ਕਲ ਦੇਖੀ! ਇੰਗਲਿਸ਼ ਬੋਲ ਲੈਂਦਾ ਹੈ ਬਸ ਸਮਝੋ ਪਤਾ ਨਹੀਂ ਕਿੰਨਾ ਕੁ ਪੜ੍ਹਿਆ ਲਿਖਿਆ ਹੋਇਆ ਹੈ। ਵਿਆਹ ਤੋਂ ਬਾਅਦ ਜਦ ਪਹਿਲੇ ਦਿਨ ਕੰਮ ਤੇ ਜਾਣ ਲੱਗਾ ਤਦ ਵੱਡਾ ਸਾਰਾ ਟੋਪ ਲੈ ਗਿਆ ਸਿਰ ਤੇ ਰੱਖ ਕੇ ਤੁਰ ਪਿਆ ਤਦ ਮੈਂ ਪੁਛਿਆ ਇਹ ਮੋਟੇ ਜਿਹੇ ਕੱਪੜੇ ਪਾਕੇ ਕਿਥੇ ਚੱਲੇ ਹੋ, ਇਹ ਟੋਪ ਕਾਹਦੇ ਵਾਸਤੇ ਹੈ? 'ਗੱਡੀਆਂ ਦਾ ਵਾਹਣਾ ਸੌਖਾ ਹੁੰਦਾ ਹੈ ਨਾ" ਇਹ ਕਹਿਕੇ ਬਾਹਰ ਨਿਕਲ ਗਿਆ ਤੇ ਉਸ ਦੇ ਘਰ ਦੇ ਸਾਰੇ ਮੈਂਬਰ ਠਹਾਕਾ ਮਾਰ ਕੇ ਹੱਸ ਪਏ। ਮੈਂ ਫਿਰ ਕਿਹਾ ਕਿ ਸਾਰੇ ਮਾਂ-ਪਿਉ ਕੋਲ ਕਿਉਂ ਭੂਤ ਲੈਕੇ ਸੀ। ਤਦ ਮੇਰੀ ਸੱਸ ਕਹਿਣ ਲੱਗੀ ਹੁਣ ਪਿਉ ਨੂੰ ਜਿਸਦੇ ਕੋਈ ਮਜਿਸਟਰੇਟ ਥੋੜੇ ਲੱਗੇ। ਮੇਰਾ ਤਾਂ ਉਸ ਵਾਤਾਵਰਣ ਵਿਚ ਦਮ ਘੁੱਟ ਰਿਹਾ ਹੈ।" ਤੇ ਆਖਰ ਸ਼ਸ਼ੀ ਰੋ ਹੀ ਪਈ।

"ਮੋਟੀ ਤੋਂਦ ਕੋਣ ਜਾਨ ਕੀ ਬਣਦਾ ਹੈ? ਹੌਸਲਾ ਰੱਖ। ਰਵੀ ਭਾਵੇਂ ਘੱਟ ਪੜ੍ਹਿਆ ਹੈ ਪਰ ਸਮਝਦਾਰ ਲਗਦਾ ਹੈ, ਤੂੰ ਕਿਹੜਾ ਸੱਸ-ਸਹੁਰੇ ਨਾਲ ਸਦਾ ਰਹਿਣਾ ਹੈ। ਸੁਣਿਆ ਹੈ ਰਵੀ ਨੇ ਆਪਣਾ ਘਰ ਲੈ ਲਿਆ ਹੈ। ਉਥੇ ਵਿਚ ਕੌਣ ਰਹਿੰਦਾ ਹੈ?" ਪ੍ਰੀਤ ਹੌਸਲਾ ਦੇ ਰਹੀ ਸੀ।

"ਬਹੁਤ ਖੂਬ, ਬਹੁਤ ਸਮਝਦਾਰ ਹੈ। ਉਹ ਤਾਂ ਮੈਨੂੰ ਕਹਿੰਦਾ ਹੈ, ਮੈਂ ਨਹੀਂ ਬੁੜ੍ਹੀਆਂ ਤੋਂ ਡਰਦਾ। ਜਾਣਦੀ, ਜਿਵੇਂ ਆਪਣੇ ਘਰ ਨਾ ਮੈਨੂੰ ਕਿਤੇ ਜਾਣ ਤੋਂ ਰੋਕ ਸਕਦੀ ਹੈਂ ਨਾ ਬਹੁਤੇ ਫਿਰਨ ਤੋਰਨ ਸਵਾਲ ਪੁੱਛ ਸਕਦੀ ਹੈਂ। ਪੜ੍ਹੀ ਹੋਈ ਏਂ, ਫਿਰ ਕੀ ਏਂ? ਹੈ ਤਾਂ ਤੀਵੀਂ ਹੀ, ਉਹ ਮਰਦ ਵੀ ਕੀ ਜਿਹੜਾ ਤੀਵੀਂ ਦਾ ਕਹਿਣਾ ਮੰਨੇ। ਮੈਂ ਮਰਦ ਹਾਂ ਮਰਦ, ਕਿਸੇ ਦੇ ਅੱਖਰ ਜਾਂ ਰੰਗੇ ਲਿਖਿਆਂ ਨੂੰ ਮੈਂ ਕੁਝ ਨਹੀਂ ਸਮਝਦਾ। ਤੂੰ ਔਰਤ ਹੋਕੇ ਮੇਰੇ ਸਾਹਮਣੇ ਨਹੀਂ ਬੋਲ ਸਕਦੀ। ਅਗਰ ਕਦੀ ਹੌਸਲਾ ਕੀਤਾ ਤਦ ਹੱਡੀਆਂ ਤੋੜ ਦਿਆਂਗਾ। ਕਹਿੰਦਾ ਹੈ ਸ਼ੁਰੂ ਵਿਚ ਹੀ ਔਰਤ ਨੂੰ ਜੁੱਤੀ ਹੇਠ ਰੱਖੂਗਾ। ਔਰਤ ਦਾ ਕੰਮ ਹੈ ਘਰ ਦਾ ਕੰਮ ਕਰੇ, ਆਦਮੀਆਂ ਦੀਆਂ ਗੱਲਾਂ 'ਚ ਕਾਹਦਾ ਦਖਲ......"

"ਕੋਈ ਨਾ, ਰਵੀ ਮੇਰਾ ਦੋਸਤ ਹੈ ਮੈਂ ਉਸਨੂੰ ਸਮਝਾਵਾਂਗਾ" ਮੈਂ ਉਸ ਨੂੰ ਹੌਸਲਾ ਦੇਣਾ ਚਾਹਿਆ।

(ਬਾਕੀ ਸਫਾ 20)

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ

**WATNO DUR**

P.O. BOX 67681 STN. "O"
VANCOUVER, B.C. V5W 3V2

Second class mail Reg. No. 3233

ਅਸਾਂ ਵੀ ਦੋਸਤੋ ਕੁਝ ਤਾਂ ਮੁਕਾਈਆਂ ਬੂੰਦਾਂ
ਕੀ ਹੋਇਆ ਜ਼ਹਿਰ ਜੇ ਸਾਰਾ ਨਾ ਸਾਥੋਂ ਪੀ ਹੋਇਆ।

**— ਮੋਹਨ ਸਿੰਘ**

ਮੰਜ਼ਲ ਤੇ ਜੋ ਨਾ ਪਹੁੰਚੇ ਪਰਤੇ ਨਾ ਜੋ ਘਰਾਂ ਨੂੰ,
ਰਾਹਾਂ ਨੇ ਖਾ ਲਿਆ ਹੈ ਕਮਦਿਲ ਮੁਸਾਫ਼ਰਾਂ ਨੂੰ ।

**—ਜਗਤਾਰ**

ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ,
ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ ।

**—ਪਾਸ਼**

ਵਰ੍ਹਿਆ ਏ ਸੌਣ ਉਨ੍ਹਾਂ ਬੱਚਿਆਂ ਦੇ ਨਾਂ 'ਤੇ
ਜਿਨ੍ਹਾਂ ਖੀਰ ਦਾ ਨਹੀਂ ਚੱਖਿਆ ਸਵਾਦ ।

**—ਸੰਤ ਰਾਮ ਉਦਾਸੀ**

ਬਹੁਤ ਪੱਛਮਾਂ 'ਚ ਘਿਰਿਆ ਸੂਰਜ ਹਾਂ, ਪਰ ਡੁਬਾਂ ਗਾ ਨਹੀਂ,
ਮੈਂ ਤਾਂ ਹਰ ਪੱਛਮ ਨੂੰ ਪੂਰਬ ਬਣਾ ਕੇ ਉਦੇ ਹੋਣਾ ਹੈ।

**—ਸੁਖਚੈਨ ਮਿਸਤਰੀ**

ਖ਼ੂਬਸੂਰਤੀ ਕੋਈ ਪਰਛਾਵਾਂ ਨਹੀਂ,
ਜੋ ਫੜਦੇ ਰਹੀਏ ਸਾਰੀ ਉਮਰ ਤਿਲਕਦੀ ਚਾਨਣੀ 'ਚੋਂ ।

**—ਹਰਭਜਨ ਹਲਵਾਰਵੀ**

ਵਿਦਰੋਹ ਦੇ ਅਰਥ ਇਕੱਲਿਆਂ ਨਹੀਂ ਸਮਝੇ ਜਾਂਦੇ,
ਮੈਨੂੰ ਟੁੱਟਣਾ ਹੀ ਪੈਣਾ ਸੀ ਆਖਰ ਆਪਣੀ ਮੈਂ ਨਾਲੋਂ

**—ਗੁਰਦੀਪ ਗਰੇਵਾਲ**



ਹਵਾ ਰੁੱਖਾਂ ਕੋਲੋਂ ਮਸ਼ਕਰੀਆਂ ਕਰਦੀ ਲੰਘ ਜਾਂਦੀ ਹੈ
ਜਾਣਦੀ ਹੈ ਵੱਡੇ ਤੋਂ ਵੱਡਾ ਰੁੱਖ ਵੀ
ਉਹਨੂੰ ਪਨਾਹ ਦੇਣ ਜੋਗਾ ਨਹੀਂ।

**—ਮਨਜੀਤ ਟਿਵਾਣਾ**

ਕਿਸੇ ਵੀ ਸਾਜ਼ ਦਾ ਨਾਂ ਲਉ...
ਕੋਇਲ, ਬਲਦ ਦੇ ਗਲ ਦੀਆਂ ਟੱਲੀਆਂ, ਜ਼ਿੰਦਗੀ,
ਜਾਮ, ਸਰੋਦ ਨੇਰ੍ਹੇ 'ਚ ਦਹਿਕਦੇ ਬਦਨ, ਅਲਗੋਜ਼ੇ...
ਹੱਥਕੜੀਆਂ...ਕੈਦੀਆਂ ਦੇ ਭਾਂਡੇ ।

**—ਅਮਰਜੀਤ ਚੰਦਨ**

ਜਦ ਆਥਣ 'ਤੇ ਤਲਵਾਰ ਕਿਰਮਚੀ ਡਿਗਦੀ ਹੈ,
ਇਕ ਪਿੰਡ ਦੀ ਜੂਹ ਵਿਚ ਚੁਗਦੀ ਹਿਰਨੀ ਡਰਦੀ ਹੈ ।

**—ਸ਼ਹਰਯਾਰ**

ਕਨਵੋਕੇਸ਼ਨ ਵਾਲੇ ਦਿਨ ਜਦ ਭਰੇ ਹਾਲ 'ਚੋਂ ਲੰਘਿਆ ਮੈਂ,
ਜਿਹਦੇ ਹੱਥ 'ਚ ਡਿਗਰੀ ਵੇਖੀ, ਉਹੀ ਮੁੱਖ ਮੁਰਝਾਇਆ ਸੀ।

**—ਸ. ਨ. ਸੇਵਕ**

ਕੁਝ ਲੋਕ ਸਮਝਦੇ ਨੇ ਬਸ ਏਨਾ ਕੁ ਰਾਗ ਨੂੰ
ਸੋਨ ਦੀ ਜੇ ਹੈ ਬੰਸਰੀ ਤਾਂ ਬੇਸੁਰੀ ਨਹੀਂ

**—ਸੁਰਜੀਤ ਪਾਤਰ**

ਰੋਣਾ ਹੈ ਬੁਝ ਗਿਆਂ ਨੂੰ, ਜਾਂ ਜਗਾਉਣੇ ਦੀਪ ਹੋਰ
ਏਸ ਗੱਲ ਦਾ ਫ਼ੈਸਲਾ, ਹੁਣ ਦੇ ਪਲਾਂ ਦੀ ਗੱਲ ਹੈ

ਦਰਸ਼ਨ ਖਟਕੜ

WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**

P.O. BOX 67681 STN. "O"
VANCOUVER, B.C.
V5W 3V2